# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਰਾਜਨੀਤੀ ਵਿਗਿਆਨ) ਸਮੈਸਟਰ ਚੌਥਾ

ਯੂਨਿਟ : 1

ਮੀਡੀਅਮ : ਪੰਜਾਬੀ

## ਪਾਠ ਨੰ.

1.1 : ਗਰਵਰਨਰ: ਸ਼ਕਤੀਆਂ, ਸਥਿਤੀ ਅਤੇ ਭੂਮਿਕਾ

1.2 : ਰਾਜ ਵਿਧਾਨਪਾਲਿਕਾ: ਬਣਤਰ, ਸਕਤੀਆਂ ਅਤੇ ਸਥਿਤੀ

1.3 : ਰਾਜ ਦੀ ਮੰਤਰੀ ਪਰਿਸ਼ਦ ਤੇ ਮੁੱਖ ਮੰਤਰੀ

1.4 : ਹਾਈ ਕੋਰਟ: ਬਣਤਰ, ਸਕਤੀਆਂ ਅਤੇ ਭੂਮਿਕਾ

**Department website : www.pbidde.org**

ਪਾਠ ਨੰਬਰ 1.1 ਲੇਖਿਕਾ : ਸ੍ਰੀਮਤੀ ਪਰਮਜੀਤ ਕੌਰ

# ਗਵਰਨਰ : ਸ਼ਕਤੀਆਂ, ਸਥਿਤੀ ਅਤੇ ਬਦਲਦੀ ਭੂਮਿਕਾ

**(Governor : Powers, Position and Changing Role)**


1.1.1 ਪਾਠ ਦਾ ਉਦੇਸ਼

1.1.2 ਭੂਮਿਕਾ

1.1.3 ਗਵਰਨਰ ਦੀ ਨਿਯੁਕਤੀ ਅਤੇ ਕਾਰਜਕਾਲ

1.1.4 ਗਵਰਨਰ ਦੀਆਂ ਸ਼ਕਤੀਆਂ

1.1.5 ਗਵਰਨਰ ਦੀ ਸਥਿਤੀ

1.1.6 ਸਾਰੰਸ਼

1.1.7 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ

1.1.8 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ


## 1.1.1 ਪਾਠ ਦਾ ਉਦੇਸ਼

ਇਸ ਪਾਠ ਦਾ ਉਦੇਸ਼ ਤੁਹਾਨੂੰ ਰਾਜ ਦੀ ਨਾਂ-ਮਾਤਰ ਕਾਰਜਪਾਲਿਕਾ (Nominal Executive) ਬਾਰੇ ਗਿਆਨ ਕਰਵਾਉਣਾ ਹੈ ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਹਾਨੂੰ ਭਾਰਤ ਦੇ ਹਰ ਰਾਜ ਦੇ ਗਵਰਨਰ (ਰਾਜਪਾਲ) ਦੀ ਅਸਲੀ ਸਥਿਤੀ ਪਤਾ ਲੱਗ ਜਾਵੇਗੀ। ਤੁਸੀ ਪਾਠ ਪੜ੍ਹਨ ਉਪਰੰਤ ਦੱਸ ਸਕੋਗੇ ਕਿ :–

1. ਸੰਘੀ ਕਾਰਜਪਾਲਿਕਾ ਦੀ ਤਰ੍ਹਾਂ ਰਾਜ ਕਾਰਜਪਾਲਿਕਾ ਵੀ ਦੋ ਤਰ੍ਹਾਂ ਦੀ ਹੈ :– ਇੱਕ ਨਾਂ-ਮਾਤਰ ਕਾਰਜਪਾਲਿਕਾ ਅਤੇ ਦੂਸਰੀ ਅਸਲੀ ਕਾਰਜਪਾਲਿਕਾ।

2. ਰਾਜ ਦੀਆਂ ਸਭ ਕਾਰਜਪਾਲਿਕਾ ਸੰਬੰਧੀ ਸ਼ਕਤੀਆਂ ਗਵਰਨਰ ਦੇ ਨਾਂ ਤੇ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਹਨ, ਪਰੰਤੂ ਅਸਲ ਵਿੱਚ ਉਨ੍ਹਾਂ ਦੀ ਵਰਤੋਂ ਮੰਤਰੀ-ਪਰਿਸ਼ਦ ਹੀ ਕਰਦੀ ਹੈ।

3. ਤੁਸੀਂ ਇਹ ਵੀ ਦੱਸ ਸਕੋਗੇ ਕਿ ਸੰਸਦੀ ਸ਼ਾਸਨ ਪ੍ਰਣਾਲੀ ਦੇ ਖੇਤਰੀ ਪਾਰਟੀਆਂ ਦੀ ਭੂਮਿਕਾ ਵਿੱਚ ਬਦਲਦੇ ਸਰੂਪ ਕਾਰਣ ਗਵਰਨਰ ਦੀ ਭੂਮਿਕਾ ਅੱਜ ਕਲ੍ਹ ਕਿਵੇਂ ਬਦਲ ਰਹੀ ਹੈ।

## 1.1.2 ਭੂਮਿਕਾ

ਗਵਰਨਰ ਰਾਜ ਦਾ ਸੰਵਿਧਾਨਕ ਮੁੱਖੀ ਹੈ। ਉਸ ਦੀ ਰਾਜ ਵਿੱਚ ਉਹੀ ਸੰਵਿਧਾਨਕ ਸਥਿਤੀ ਹੈ ਜੋ ਕੇਂਦਰ ਵਿਚ ਰਾਸ਼ਟਰਪਤੀ ਦੀ ਹੈ। ਸੰਸਦੀ ਸ਼ਾਸਨ ਪ੍ਰਣਾਲੀ ਹੋਣ ਕਰਕੇ ਰਾਜਾਂ ਵਿਚ ਵੀ ਦੋ ਤਰ੍ਹਾਂ ਦੀ ਕਾਰਜਪਾਲਿਕਾ ਪਾਈ ਜਾਂਦੀ ਹੈ। ਅਸਲੀ ਕਾਰਜਪਾਲਿਕਾ ਤੇ ਨਾਂ-ਮਾਤਰ ਕਾਰਜਪਾਲਿਕਾ। ਮੰਤਰੀ-ਪਰਿਸ਼ਦ ਅਸਲੀ ਕਾਰਜਪਾਲਿਕਾ ਹੁੰਦਾ ਹੈ ਤੇ ਗਵਰਨਰ ਨਾਂ-ਮਾਤਰ ਦੀ ਕਾਰਜਪਾਲਿਕਾ ਹੁੰਦਾ ਹੈ।

ਇਸ ਪਾਠ ਵਿਚ ਅਸੀਂ ਰਾਜ ਦੇ ਗਵਰਨਰ ਦੀ ਨਿਯੁਕਤੀ, ਕਾਰਜਕਾਲ, ਸ਼ਕਤੀਆਂ ਤੇ ਸਥਿਤੀ ਦਾ ਵਰਨਣ ਕਰਨ ਦੇ ਨਾਲ ਉਸ ਦੀ ਬਦਲਦੀ ਭੂਮਿਕਾ ਬਾਰੇ ਵੀ ਚਰਚਾ ਕਰਾਂਗੇ।

ਭਾਰਤ ਇਕ ਸੰਘੀ ਰਾਜ ਹੈ। ਇਸ ਸਮੇਂ ਭਾਰਤ ਵਿਚ 29 ਰਾਜ ਹਨ। ਸੰਵਿਧਾਨ ਅਨੁਸਾਰ ਹਰ ਰਾਜ ਦਾ ਇੱਕ ਗਵਰਨਰ ਹੋਵੇਗਾ। ਪਰੰਤੂ 1956 ਵਿੱਚ ਸੰਵਿਧਾਨ ਵਿਚ ਕੀਤੀ 7ਵੀਂ ਸੋਧ ਅਧੀਨ ਦੋ ਰਾਜਾਂ ਲਈ ਇੱਕ ਸਾਂਝੇ ਗਵਰਨਰ ਦੀ ਵੀ ਨਿਯੁਕਤੀ ਕੀਤੀ ਜਾ ਸਕਦੀ ਹੈ। ਅੱਜਕਲ੍ਹ ਆਸਾਮ ਅਤੇ ਮੇਘਾਲਿਆ ਰਾਜਾਂ ਦਾ ਇੱਕ ਸਾਂਝਾ ਗਵਰਨਰ ਹੈ। ਇਸੇ ਤਰ੍ਹਾਂ ਨਾਗਾਲੈਂਡ, ਮਨੀਪੁਰ ਤੇ ਤ੍ਰਿਪੁਰਾ ਦੇ ਰਾਜਾਂ ਦਾ ਵੀ ਸਾਂਝਾ ਗਵਰਨਰ ਹੈ।

## 1.1.3 ਗਵਰਨਰ ਦੀ ਨਿਯੁਕਤੀ ਅਤੇ ਕਾਰਜਕਾਲ ਆਦਿ

### 1.1.3.1 ਗਵਰਨਰ ਦੀ ਨਿਯੁਕਤੀ :-

ਗਵਰਨਰ ਨੂੰ ਰਾਜਪਾਲ ਵੀ ਕਿਹਾ ਜਾਂਦਾ ਹੈ। ਸੰਵਿਧਾਨ ਦੇ ਅਨੁਛੇਦ 155 ਦੇ ਅਨੁਸਾਰ, ''ਕਿਸੇ ਰਾਜ ਦੇ ਗਵਰਨਰ ਨੂੰ ਰਾਸ਼ਟਰਪਤੀ ਆਪਣੇ ਦਸਤਖਤ ਅਤੇ ਮੋਹਰ ਸਮੇਤ ਅਧਿੱਤਰ ਰਾਹੀਂ ਨਿਯੁਕਤ ਕਰਦਾ ਹੈ।'' ਪਰੰਤੂ ਅਸਲ ਵਿਚ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਹੀ ਗਵਰਨਰ ਦੀ ਨਿਯੁਕਤੀ ਕਰਦਾ ਹੈ ਅਤੇ ਜ਼ਿਆਦਾਤਰ ਨਿਯੁਕਤੀਆਂ ਰਾਜਨੀਤਿਕ ਆਧਾਰ ਤੇ ਕੀਤੀਆਂ ਜਾਂਦੀਆਂ ਹਨ। ਇਸ ਸੰਬੰਧ ਵਿਚ ਦੋ ਕੁ ਪਰੰਪਰਾਵਾਂ ਸਥਾਪਿਤ ਹੋ ਚੁੱਕੀਆਂ ਹਨ। ਪਹਿਲੇ ਤਾਂ ਉਹ ਵਿਅਕਤੀ ਉਸ ਰਾਜ ਦਾ ਰਹਿਣ ਵਾਲਾ ਨਹੀਂ ਹੋਣਾ ਚਾਹੀਦਾ ਹੈ ਜਿੱਥੇ ਉਸ ਦੀ ਨਿਯੁਕਤੀ ਕੀਤੀ ਜਾਣੀ ਹੈ। ਦੂਸਰੇ ਨਿਯੁਕਤੀ ਕਰਨ ਤੋ ਪਹਿਲੇ ਉਸ ਰਾਜ ਦੇ ਮੁੱਖ ਮੰਤਰੀ ਤੋਂ ਸਲਾਹ ਲਈ ਜਾਂਦੀ ਹੈ। ਉਹ ਵਿਅਕਤੀ ਰਾਜ ਸਰਕਾਰ ਦੀ ਇੱਛਾ ਜਾਣ ਕੇ ਹੀ ਨਿਯੁਕਤ ਕੀਤਾ ਜਾਂਦਾ ਹੈ।

### 1.1.3.2 ਗਵਰਨਰ ਦੀਆਂ ਯੋਗਤਾਵਾਂ :-

ਸੰਵਿਧਾਨ ਵਿਚ ਗਵਰਨਰ ਦੇ ਅਹੁਦੇ ਲਈ ਹੇਠ ਲਿਖੀਆਂ ਯੋਗਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ :

1. ਉਹ ਵਿਅਕਤੀ ਭਾਰਤ ਦਾ ਨਾਗਰਿਕ ਹੋਵੇ।
2. ਉਹ 35 ਸਾਲ ਦੀ ਉਮਰ ਪੂਰੀ ਕਰ ਚੁੱਕਾ ਹੋਵੇ।
3. ਉਹ ਸੰਸਦ ਦੇ ਕਿਸੇ ਸਦਨ ਜਾਂ ਰਾਜ ਵਿਧਾਨ ਮੰਡਲ ਦੇ ਕਿਸੇ ਸਦਨ ਦਾ ਮੈਂਬਰ ਨਾ ਹੋਵੇ। ਜੇ ਕੋਈ ਅਜਿਹਾ ਵਿਅਕਤੀ ਗਵਰਨਰ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਸ ਦਿਨ ਤੋਂ ਉਸ ਸਦਨ ਵਿਚ ਉਸ ਦਾ ਅਸਥਾਨ ਖਾਲੀ ਸਮਝਿਆ ਜਾਏਗਾ ਜਿਸ ਦਿਨ ਉਹ ਗਵਰਨਰ ਦਾ ਅਹੁਦਾ ਸੰਭਾਲਦਾ ਹੈ।
4. ਉਹ ਕਿਸੇ ਹੋਰ ਲਾਭਦਾਇਕ ਪਦ ਤੇ ਨਿਯੁਕਤ ਨਾ ਹੋਵੇ।

### 1.1.3.3 ਕਾਰਜਕਾਲ :-

ਸੰਵਿਧਾਨ ਦੇ ਅਨੁਸਾਰ ਗਵਰਨਰ ਰਾਸ਼ਟਰਪਤੀ ਦੀ ਖੁਸ਼ੀ ਤੱਕ ਹੀ ਆਪਣੇ ਅਹੁਦੇ ਤੇ ਰਹਿੰਦਾ ਹੈ। ਉਹ ਅਹੁਦਾ ਸੰਭਾਲਣ ਦੀ ਮਿਤੀ ਤੋਂ ਪੰਜ ਸਾਲ ਦੀ ਮਿਆਦ ਤਕ ਰਹਿ ਸਕਦਾ ਹੈ। ਉਹ ਆਪਣੇ ਅਹੁਦੇ ਦੀ ਮਿਆਦ ਦੀ ਸਮਾਪਤੀ ਤੇ ਨਵੇ ਗਵਰਨਰ ਦੇ ਅਹੁਦਾ ਸੰਭਾਲਣ ਤਕ ਆਪਣੇ ਅਹੁਦੇ ਤੇ ਕੰਮ ਕਰਦਾ ਰਹਿੰਦਾ ਹੈ। ਉਹ ਨਿਸ਼ਚਿਤ ਮਿਆਦ ਤੋਂ ਪਹਿਲਾਂ ਵੀ ਰਾਸ਼ਟਰਪਤੀ ਨੂੰ ਸੰਬੋਧਿਤ ਕਰਕੇ ਆਪਣਾ ਅਸਤੀਫਾ ਦੇ ਸਕਦਾ ਹੈ। ਕੇਂਦਰੀ ਸਰਕਾਰ ਨਾਲ ਰਾਜਨੀਤਿਕ ਮੱਤਭੇਦ ਹੋਣ ਦੇ ਕਾਰਨ ਤਾਮਿਲਨਾਡੂ ਦੇ ਗਵਰਨਰ ਸ੍ਰੀ ਐਸ.ਐਸ. ਬਰਨਾਲਾ ਨੇ ਫਰਵਰੀ 1991 ਵਿਚ ਅਤੇ ਪੰਜਾਬ ਦੇ ਗਵਰਨਰ ਜਨਰਲ ਓ.ਪੀ ਮਲੋਹਤਰਾ ਨੇ ਜੂਨ 1991 ਵਿਚ ਆਪਣੀ ਨਿਯੁਕਤੀ ਦੇ ਇਕ ਸਾਲ ਤੋਂ ਵੀ ਘੱਟ ਸਮੇਂ ਦੇ ਅੰਦਰ ਆਪਣੇ ਪਦਾਂ ਤੋਂ ਤਿਆਗ ਪੱਤਰ ਦੇ ਦਿੱਤੇ। ਰਾਸ਼ਟਰਪਤੀ ਨੇ ਕੇਦੰਰੀ ਮੰਤਰੀ  ਦੀ ਸਲਾਹ ਤੇ 11 ਅਪ੍ਰੈਲ 1992 ਨੂੰ ਨਾਗਾਲੈਂਡ ਦੇ ਗਵਰਨਰ ਸ੍ਰੀ ਐਸ.ਐਸ. ਥਾਮਸ ਨੂੰ ਉਸਦੇ ਅਹੁੱਦੇ ਤੋ ਬਰਖਾਸ਼ਤ ਕਰ ਦਿੱਤਾ। ਜੁਲਾਈ 2004 ਵਿਚ ਯੂ.ਪੀ. ਏ. ਸਰਕਾਰ ਨੇ ਹਰਿਆਣਾ ਦੇ ਬਾਬੂ ਪਰਮਾਨੰਦ, ਯੂ.ਪੀ.ਏ ਦੇ ਵਿਸ਼ਨੂੰ ਕਾਂਤ ਸ਼ਾਸਤਰੀ, ਗੁਜਰਾਤ ਦੇ ਕੇਲਾਸ਼ਪਤੀ ਮਿਸ਼ਰਾ ਅਤੇ ਗੋਆ ਦੇ ਕੇਦਾਰਨਾਥ ਸਾਹਨੀ ਸਮੇਂ ਤੋਂ ਪਹਿਲਾਂ ਹੀ ਬਰਖਾਸ਼ਤ ਕਰ ਦਿੱਤੇ।

### 1.1.3.4 ਤਨਖ਼ਾਹ ਅਤੇ ਭੱਤੇ :-

ਗਵਰਨਰ ਨੂੰ ਮਿਲਣ ਵਾਲੀ ਤਨਖ਼ਾਹ, ਭੱਤਿਆਂ ਅਤੇ ਵਿਸ਼ੇਸ਼ ਅਧਿਕਾਰਾਂ ਦਾ ਫੈਸਲਾ ਸੰਸਦ ਕਾਨੂੰਨ ਬਣਾ ਕੇ ਕਰਦੀ ਹੈ। ਉਸ ਨੂੰ ਮਿਲਣ ਵਾਲੀ ਤਨਖ਼ਾਹ ਤੇ ਭੱਤੇ ਉਸ ਦੇ ਕਾਰਜਕਾਲ ਵਿਚ ਘਟਾਏ ਨਹੀਂ ਜਾ ਸਕਦੇ। ਉਨ੍ਹਾਂ ਤੇ ਹੋਣ ਵਾਲਾ ਖਰਚਾ ਰਾਜ ਦੀ ਸੰਚਿਤ ਨਿਧੀ ਤੋਂ ਪੂਰਾ ਕੀਤਾ ਜਾਂਦਾ ਹੈ ਅਤੇ ਉਸ ਤੇ ਰਾਜ ਦੇ ਵਿਧਾਨ ਮੰਡਲ ਦੇ ਮੈਂਬਰਾਂ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਹੁੰਦਾ। ਸਤੰਬਰ, 2008 ਵਿਚ ਸੰਸਦ ਦੁਆਰਾ ਪਾਸ ਕੀਤੇ ਗਏ ਇਕ ਕਾਨੂੰਨ ਅਨੁਸਾਰ ਗਵਰਨਰ ਨੂੰ ਇੱਕ ਲੱਖ ਰੁਪਏ ਮਹੀਨਾਂ ਤਨਖ਼ਾਹ, ਹੋਰ ਭੱਤੇ ਅਤੇ ਰਹਿਣ ਲਈ ਬਿਨਾਂ ਕਿਰਾਏ ਦੇ ਨਿਵਾਸ-ਸਥਾਨ ਮਿਲਦਾ ਹੈ। ਗਵਰਨਰ ਦੇ ਨਿਵਾਸ-ਸਥਾਨ ਨੂੰ ਰਾਜ ਭਵਨ ਕਹਿੰਦੇ ਹਨ।

### 1.1.3.5 ਗਵਰਨਰ ਦੀਆਂ ਛੋਟਾਂ :-

ਸੰਵਿਧਾਨ ਰਾਹੀਂ ਗਵਰਨਰ ਨੂੰ ਹੇਠ ਲਿਖੀਆਂ ਛੋਟਾਂ ਪ੍ਰਦਾਨ ਕੀਤੀਆਂ ਗਈਆਂ ਹਨ :–

1. ਉਹ ਆਪਣੀਆਂ ਸ਼ਕਤੀਆਂ ਦੀ ਵਰਤੋਂ ਅਤੇ ਆਪਣੇ ਕਰੱਤਵਾਂ ਦੀ ਪਾਲਣਾ ਲਈ ਕਿਸੇ ਅਦਾਲਤ ਦੇ ਪ੍ਰਤੀ ਉਤੱਰਦਾਈ ਨਹੀਂ ਹੁੰਦਾ ।

2. ਉਸ ਦੇ ਵਿਰੁੱਧ ਉਸ ਦੀ ਮਿਆਦ ਦੌਰਾਨ ਕਿਸੇ ਵੀ ਅਦਾਲਤ ਵਿਚ ਕੋਈ ਫੌਜ਼ਦਾਰੀ ਕਾਰਵਾਈ ਨਹੀ ਕੀਤੀ ਜਾ ਸਕਦੀ।

3. ਉਸ ਦੀ ਮਿਆਦ ਦੌਰਾਨ ਕੋਈ ਵੀ ਅਦਾਲਤ ਉਸ ਨੂੰ ਬੰਦੀ ਬਣਾਉਣ ਦਾ ਆਦੇਸ਼ ਜਾਰੀ ਨਹੀਂ ਕਰ ਸਕਦੀ।

4. ਉਸ ਦੇ ਵਿਰੁੱਧ ਦੀਵਾਨੀ ਮਾਮਲਿਆਂ ਵਿਚ ਮੁਕੱਦਮਾ ਚਲਾਇਆ ਜਾ ਸਕਦਾ ਹੈ, ਪਰੰਤੂ ਇਸ ਦੇ ਲਈ ਉਸ ਨੂੰ ਦੋ ਮਹੀਨੇ ਦਾ ਅਗੇਤਰਾ ਨੋਟਿਸ ਦੇਣਾ ਪੈਂਦਾ ਹੈ।

**ਸਹੁੰ :–**

ਗਵਰਨਰ ਨੂੰ ਆਪਣਾ ਅਹੁਦਾ ਸੰਭਾਲਣ ਤੋਂ ਪਹਿਲੇ ਉਸ ਰਾਜ ਦੀ ਉੱਚ ਅਦਾਲਤ ਦੇ ਮੁੱਖ ਜੱਜ ਜਾਂ ਉਸ ਦੀ ਗੈਰ ਹਾਜ਼ਰੀ ਵਿਚ ਉਸ ਅਦਾਲਤ ਦੇ ਸਭ ਤੋਂ ਸੀਨੀਅਰ ਜੱਜ ਦੇ ਸਾਹਮਣੇ ਅਹੁਦੇ ਦੀ ਸਹੁੰ ਚੱਕਣੀ ਪੈਂਦੀ ਹੈ।

## 1.1.4 ਗਵਰਨਰ ਦੀਆਂ ਸ਼ਕਤੀਆਂ (Powers)

### 1.1.4.1 ਕਾਰਜਕਾਰੀ ਸ਼ਕਤੀਆਂ :–

1. ਸੰਵਿਧਾਨ ਦੇ ਅਨੁਸਾਰ, ''ਰਾਜ ਦੀ ਕਾਰਜਕਾਰੀ ਸ਼ਕਤੀ ਗਵਰਨਰ ਵਿਚ ਨਿਹਿਤ ਹੋਵੇਗੀ ਅਤੇ ਉਹ ਉਸ ਦੀ ਵਰਤੋਂ ਸੰਵਿਧਾਨ ਦੇ ਅਨੁਸਾਰ ਜਾਂ ਤਾ ਆਪਣੇ ਅਧੀਨ ਪਦ-ਅਧਿਕਾਰੀਆਂ ਰਾਹੀਂ ਕਰੇਗਾ।'' ਗਵਰਨਰ ਦੀਆਂ ਕਾਰਜਕਾਰੀ ਸ਼ਕਤੀਆਂ ਉਨ੍ਹਾਂ ਵਿਸ਼ਿਆਂ ਤੇ ਲਾਗੂ ਹੁੰਦੀਆਂ ਹਨ ਜਿਹਨਾਂ ਦੇ ਸਬੰਧ ਵਿਚ ਰਾਜ ਵਿਧਾਨ ਮੰਡਲ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਰਾਜ ਦਾ ਸਮੁੱਚਾ ਸ਼ਾਸਨ ਰਾਜਪਾਲ ਦੇ ਨਾਂ ਚਲਦਾ ਹੈ।

2. ਗਵਰਨਰ ਰਾਜ ਦੇ ਮੁੱਖ ਮੰਤਰੀ ਦੀ ਨਿਯੁਕਤੀ ਕਰਦਾ ਹੈ ਅਤੇ ਉਸ ਦੀ ਸਲਾਹ ਨਾਲ ਹੋਰ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ। ਸਭ ਮੰਤਰੀ ਗਵਰਨਰ ਦੀ ਪ੍ਰਸੰਨਤਾ ਤੱਕ ਆਪਣੇ ਅਹੁਦੇ ਤੇ ਰਹਿੰਦੇ ਹਨ।

ਵਾਸਤਵ ਵਿਚ ਗਵਰਨਰ ਮੁੱਖ ਮੰਤਰੀ ਅਤੇ ਹੋਰ ਮੰਤਰੀਆਂ ਦੀ ਨਿਯੁਕਤੀ ਆਪਣੀ ਨਿੱਜੀ ਇੱਛਾ ਅਨੁਸਾਰ ਨਹੀਂ ਕਰਦਾ। ਉਸ ਨੂੰ ਰਾਜ ਵਿਧਾਨ ਸਭਾ ਬਹੁਮਤ ਪ੍ਰਾਪਤ ਰਾਜਨੀਤਿਕ ਦਲ ਦੇ ਨੇਤਾ ਨੂੰ ਮੁੱਖ ਮੰਤਰੀ ਬਣਨ ਦਾ ਸੱਦਾ ਦੇਣਾ ਪੈਂਦਾ ਹੈ ਅਤੇ ਹੋਰ ਮੰਤਰੀਆਂ ਨੂੰ ਮੁੱਖ ਮੰਤਰੀ ਦੀ ਸਿਫਾਰਸ਼ ਤੇ ਨਿਯੁਕਤ ਕਰਨਾ ਪੈਂਦਾ ਹੈ।

3. ਉਹ ਮੰਤਰੀਆਂ ਵਿਚ ਵਿਭਾਗਾਂ ਦੀ ਵੰਡ ਕਰਦਾ ਹੈ ਅਤੇ ਰਾਜ ਦੇ ਸ਼ਾਸਨ ਨੂੰ ਕੁਸ਼ਲਤਾਪੂਰਵਕ ਚਲਾਉਣ ਲਈ ਨਿਯਮ ਬਣਾ ਸਕਦਾ ਹੈ, ਪਰੰਤੂ ਇਹ ਕੰਮ ਵੀ ਉਹ ਮੁੱਖ ਮੰਤਰੀ ਦੀ ਸਲਾਹ ਨਾਲ ਕਰਦਾ ਹੈ।

4. ਉਹ ਰਾਜ ਦੇ ਐਡਵੋਕੇਟ ਜਨਰਲ ਤੇ ਲੋਕ ਸੇਵਾ ਕਮਿਸ਼ਨ ਦੇ ਪ੍ਰਧਾਨ ਤੇ ਦੂਜੇ ਮੈਬੰਰਾਂ ਨੂੰ ਨਿਯੁਕਤ ਕਰਦਾ ਹੈ।

5. ਰਾਸ਼ਟਰਪਤੀ ਰਾਜ ਦੀ ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਕਰਨ ਵੇਲੇ ਉਸ ਰਾਜ ਦੇ ਗਵਰਨਰ ਤੋਂ ਸਲਾਹ ਲੈਂਦਾ ਹੈ।

6. ਮੁੱਖ ਮੰਤਰੀ ਦਾ ਇਹ ਕਰਤੱਵ ਹੈ ਕਿ ਉਹ ਰਾਜਪਾਲ ਨੂੰ ਪ੍ਰਸ਼ਾਸਨ ਸੰਬੰਧੀ ਫੈਸਲਿਆਂ ਅਤੇ ਵਿਧਾਨ ਨਿਰਮਾਣ ਸੰਬੰਧੀ ਮਾਮਲਿਆਂ ਬਾਰੇ ਸੂਚਿਤ ਕਰਦਾ ਰਹੇ। ਗਵਰਨਰ ਮੁੱਖ ਮੰਤਰੀ ਤੋਂ ਕਿਸੇ ਵੀ ਪ੍ਰਸ਼ਾਸਨਿਕ ਮਾਮਲੇ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।

7. ਗਵਰਨਰ ਮੁੱਖ ਮੰਤਰੀ ਨੂੰ ਕਿਸੇ ਵੀ ਅਜਿਹੇ ਵਿਸ਼ੇ ਨੂੰ ਮੰਤਰੀ ਮੰਡਲ ਦੇ ਸਾਹਮਣੇ ਰੱਖਣ ਲਈ ਕਹਿ ਸਕਦਾ ਹੈ ਜਿਸ ਤੇ ਕਿਸੇ ਮੰਤਰੀ ਵਿਸ਼ੇਸ਼ ਨੇ ਫੈਸਲਾ ਲਿਆ ਹੋਵੇ, ਪਰੰਤੂ ਉਸ 'ਤੇ ਸਮੁੱਚੇ ਮੰਤਰੀ-ਮੰਡਲ ਵਿਚ ਵਿਚਾਰ ਨਾ ਹੋਇਆ ਹੋਵੇ।

8. ਆਸਾਮ, ਉੜੀਸਾ, ਬਿਹਾਰ, ਮੱਧ ਪ੍ਰਦੇਸ਼ ਦੇ ਗਵਰਨਰਾਂ ਦੀ ਇਹ ਵਿਸ਼ੇਸ਼ ਜ਼ਿੰਮੇਦਾਰੀ ਹੈ ਕਿ ਉਹ ਆਪਣੇ-ਆਪਣੇ ਰਾਜਾਂ ਵਿਚ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨਜਾਤੀਆਂ ਦੇ ਹਿੱਤਾਂ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਇਹਨਾਂ ਦੇ ਸੰਬੰਧ ਵਿਚ ਕਾਰਜ-ਭਾਰ ਕਿਸੇ

ਵਿਸ਼ੇਸ਼ ਮੰਤਰੀ ਨੂੰ ਸੋਪਣ।

**1.1.4.2 ਵਿਧਾਨਿਕ ਸ਼ਕਤੀਆਂ :–**

ਗਵਰਨਰ ਰਾਜ ਦੇ ਵਿਧਾਨ ਮੰਡਲ ਦਾ ਮੈਂਬਰ ਨਾ ਹੁੰਦਾ ਹੋਇਆ ਵੀ ਉਸਦਾ ਅਨਿੱਖੜਵਾਂ ਅੰਗ ਸਮਝਿਆ ਜਾਂਦਾ ਹੈ ।ਰਾਜ ਦੇ ਵਿਧਾਨ ਮੰਡਲ ਰਾਹੀਂ ਪਾਸ ਕੀਤਾ ਹੋਇਆ ਕੋਈ ਵੀ ਬਿਲ ਤਦ ਤੱਕ ਕਾਨੂੰਨ ਦਾ ਰੂਪ ਧਾਰਨ ਨਹੀਂ ਕਰਦਾ ਜਦ ਤਕ ਗਵਰਨਰ ਉਸ ਤੇ ਆਪਣੇ ਦਸਤਖਤ ਨਾ ਕਰ ਦੇਵੇ।

1. ਗਵਰਨਰ ਰਾਜ ਦੇ ਵਿਧਾਨ ਮੰਡਲ ਦਾ ਇਜਲਾਸ ਬੁਲਾਉਂਦਾ ਹੈ ਅਤੇ ਉਸਨੂੰ ਵਿਸਰਜਿਤ ਕਰ ਸਕਦਾ ਹੈ। ਇਕ ਸਾਲ ਵਿਚ ਉਸਨੂੰ ਵਿਧਾਨ ਮੰਡਲ ਦੇ ਦੋ ਇਜਲਾਸ ਬੁਲਾਉਣੇ ਪੈਂਦੇ ਹਨ ਕਿਉਂਕਿ ਸੰਵਿਧਾਨ ਦੇ ਅਨੁਸਾਰ ਪਹਿਲੇ ਇਜਲਾਸ ਦੀ ਅੰਤਿਮ ਮਿਤੀ ਅਤੇ ਦੂਸਰੀ ਇਜਲਾਸ ਦੀ ਪਹਿਲੀ ਮਿਤੀ ਵਿਚ 6 ਮਹੀਨੇ ਤੋਂ ਵੱਧ ਅੰਤਰ ਨਹੀ ਹੋਣਾ ਚਾਹੀਦਾ । ਉਹ ਦੋਨਾਂ ਸਦਨਾਂ ਦਾ ਵੱਖ-ਵੱਖ ਜਾਂ ਸਾਂਝਾ ਇਜਲਾਸ ਬੁਲਾ ਸਕਦਾ ਹੈ।

2. ਉਹ ਆਮ ਚੋਣਾਂ ਮਗਰੋਂ ਬੁਲਾਏ ਗਏ ਵਿਧਾਨ ਮੰਡਲ ਦੇ ਪਹਿਲੇ ਇਜਲਾਸ ਵਿਚ ਅਤੇ ਹਰ ਸਾਲ ਵਿਧਾਨ ਮੰਡਲ ਦੇ ਪਹਿਲੇ ਇਜਲਾਸ ਦੇ ਆਰੰਭ ਵਿਚ ਆਪਣਾ ਭਾਸ਼ਨ ਦਿੰਦਾ ਹੈ ਜਿਸ ਵਿਚ ਉਹ ਸਰਕਾਰ ਦੀਆਂ ਨੀਤੀਆਂ ਅਤੇ ਕੰਮਾਂ ਦਾ ਵਰਣਨ ਕਰਦਾ ਹੈ। ਅਸਲ ਵਿਚ ਇਹ ਭਾਸ਼ਣ ਮੰਤਰੀ-ਮੰਡਲ ਰਾਹੀਂ ਤਿਆਰ ਕੀਤਾ ਜਾਂਦਾ ਹੈ। ਗਵਰਨਰ ਤਾਂ ਉਸਨੂੰ ਪੜ੍ਹਦਾ ਹੀ ਹੈ।

3. ਉਹ ਰਾਜ ਵਿਧਾਨ ਮੰਡਲ ਵਿਚ ਵਿਚਾਰ ਕੀਤੇ ਜਾ ਰਹੇ ਬਿਲਾਂ ਦੇ ਸੰਬੰਧ ਵਿਚ ਜਾਂ ਕਿਸੇ ਹੋਰ ਵਿਸ਼ੇ ਦੇ ਬਾਰੇ ਵਿਧਾਨ ਮੰਡਲ ਨੂੰ ਸੰਦੇਸ਼ ਭੇਜ ਸਕਦਾ ਹੈ। ਰਾਜ ਵਿਧਾਨ ਮੰਡਲ ਨੂੰ ਉਨ੍ਹਾਂ ਸੰਦੇਸ਼ਾਂ ਤੇ ਜ਼ਰੂਰ ਵਿਚਾਰ ਕਰਨਾ ਪੈਂਦਾ ਹੈ।

4. ਰਾਜ ਵਿਧਾਨ ਮੰਡਲ ਰਾਹੀ ਪਾਸ ਕੀਤੇ ਗਏ ਸਭ ਬਿਲ ਗਵਰਨਰ ਦੀ ਮਨਜ਼ੂਰੀ ਲਈ ਭੇਜੇ ਜਾਂਦੇ ਹਨ ਅਤੇ ਉਹ ਤਦ ਤਕ ਕਾਨੂੰਨ ਦਾ ਰੂਪ ਧਾਰਨ ਨਹੀ ਕਰ ਸਕਦੇ ਜਦ ਤਕ ਉਹ ਉਨ੍ਹਾਂ ਤੇ ਆਪਣੇ ਦਸਤਖਤ ਨਹੀਂ ਕਰ ਦਿੰਦਾ। ਗਵਰਨਰ ਬਿੱਲਾਂ ਨੂੰ ਦੁਬਾਰਾ ਵਿਚਾਰ ਕਰਨ ਲਈ ਵਿਧਾਨ ਮੰਡਲ ਕੋਲ ਵਾਪਸ ਭੇਜ ਸਕਦਾ ਹੈ ਜਾਂ ਫਿਰ ਉਨ੍ਹਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਸੁਰੱਖਿਅਤ ਰੱਖ ਸਕਦਾ ਹੈ। ਜੇਕਰ ਵਿਧਾਨ ਮੰਡਲ ਉਨ੍ਹਾਂ ਬਿੱਲਾਂ ਨੂੰ ਦੁਬਾਰਾ ਪਾਸ ਕਰ ਦੇਵੇ ਤਾਂ ਉਹ ਦੂਸਰੀ ਵਾਰ ਉਨ੍ਹਾਂ ਬਿੱਲਾਂ ਤੇ ਆਪਣੇ ਦਸਤਖਤ ਕਰਨ ਤੋ ਨਾਂਹ ਨਹੀ ਕਰ ਸਕਦਾ।

5. ਜਿਹਨਾਂ ਰਾਜ ਵਿਧਾਨ ਮੰਡਲਾਂ ਦੇ ਦੋ ਸਦਨ ਹਨ ਉਥੇ ਗਵਰਨਰ ਦੂਸਰੇ ਸਦਨ-ਵਿਧਾਨ ਪਰਿਸ਼ਦ ਦੇ 1/6 ਮੈਂਬਰਾਂ ਨੂੰ ਨਾਮਜ਼ਦ ਕਰਦਾ ਹੈ। ਅਜਿਹੇ ਮੈਂਬਰ ਉਹ ਉਨ੍ਹਾਂ ਵਿਅਕਤੀਆਂ ਵਿੱਚੋਂ ਨਾਮਜ਼ਦ ਕਰਦਾ ਹੈ ਜਿਹਨਾਂ ਨੂੰ ਵਿਗਿਆਨ, ਕਲਾ, ਸਾਹਿਤ ਜਾਂ ਸਮਾਜਿਕ ਸੇਵਾ ਦੇ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਹੋਵੇ।

6. ਜੇ ਐਂਗਲੋ ਇੰਡੀਅਨ ਸੰਪ੍ਰਦਾਇ ਨੂੰ ਉਸ ਦੀ ਆਬਾਦੀ ਦੇ ਅਨੁਸਾਰ ਰਾਜ ਵਿਧਾਨ ਸਭਾ ਵਿਚ ਉਚਿਤ ਪ੍ਰਤੀਨਿਧਤਾ ਪ੍ਰਾਪਤ ਨਾ ਹੋਈ ਹੋਵੇ ਤਾਂ ਗਵਰਨਰ ਉਸ ਸੰਪ੍ਰਦਾਇ ਦੇ ਇਕ ਪ੍ਰਤੀਨਿਧੀ ਨੂੰ ਵਿਧਾਨ ਸਭਾ ਦਾ ਮੈਂਬਰ ਨਾਮਜ਼ਦ ਕਰ ਸਕਦਾ ਹੈ।

7. ਗਵਰਨਰ ਨੂੰ ਅਧਿਆਦੇਸ਼ ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਹੈ। ਇਹ ਅਧਿਆਦੇਸ਼ ਉਸ ਸਮੇਂ ਜਾਰੀ ਕੀਤੇ ਜਾਂਦੇ ਹਨ ਜਦ ਵਿਧਾਨ ਮੰਡਲ ਦਾ ਇਜਲਾਸ ਨਾ ਹੋ ਰਿਹਾ ਹੋਵੇ। ਇਹ ਅਧਿਆਦੇਸ਼ ਕਿਸੇ ਵੀ ਅਚਨਚੇਤ ਪੈਦਾ ਹੋਈ ਹਾਲਤ ਜਾਂ ਸਮੱਸਿਆ ਦਾ ਸਾਹਮਣਾ ਕਰਨ ਲਈ ਜਾਰੀ ਕੀਤੇ ਜਾ ਸਕਦੇ ਹਨ। ਇਹਨਾ ਅਧਿਆਦੇਸ਼ ਦਾ ਉਹੀ ਪ੍ਰਭਾਵ ਹੁੰਦਾ ਹੈ ਜੋ ਰਾਜ ਵਿਧਾਨ ਮੰਡਲ ਰਾਹੀ ਪਾਸ ਕੀਤੇ ਗਏ ਕਾਨੂੰਨਾਂ ਦਾ ਹੁੰਦਾ ਹੈ, ਪਰੰਤੂ ਇਹ ਅਧਿਆਦੇਸ਼ ਸਥਾਈ ਨਹੀ ਹੁੰਦੇ। ਰਾਜ ਵਿਧਾਨ ਮੰਡਲ ਦੇ ਇਜਲਾਸ ਆਰੰਭ ਹੋਣ ਦੇ 6 ਹਫਤੇ ਮਗਰੋ ਇਹ ਅਧਿਆਦੇਸ਼ ਸਮਾਪਤ ਹੋ ਜਾਂਦੇ ਹਨ। ਵਿਧਾਨ ਮੰਡਲ ਚਾਹੇ ਤਾਂ 6 ਹਫਤੇ ਤੋਂ ਪਹਿਲਾਂ ਵੀ ਇਹਨਾਂ ਅਧਿਆਦੇਸ਼ਾਂ ਨੂੰ ਨਾਮਨਜ਼ੂਰ ਕਰ ਸਕਦਾ ਹੈ। ਵਿਧਾਨ ਮੰਡਲ ਰਾਹੀ ਸਵੀਕਾਰ ਹੋਣ ਤੇ ਇਹ ਅਧਿਆਦੇਸ਼ ਸਥਾਈ ਕਾਨੂੰਨ ਬਣ ਜਾਂਦੇ ਹਨ।

8. ਗਵਰਨਰ ਰਾਜ ਦੀ ਵਿਧਾਨ ਸਭਾ ਨੂੰ ਭੰਗ ਕਰਨ ਦੀ ਸ਼ਕਤੀ ਰੱਖਦਾ ਹੈ।

9. ਕੁਝ ਵਿਸ਼ੇਸ ਪ੍ਰਕਾਰ ਦੇ ਬਿਲਾਂ ਨੂੰ ਰਾਜ ਵਿਧਾਨ ਮੰਡਲ ਵਿਚ ਪੇਸ਼ ਕਰਨ ਲਈ ਗਵਰਨਰ ਦੀ

ਅਗੇਤਰੀ ਆਗਿਆ ਲੈਣੀ ਪੈਂਦੀ ਹੈ ਜਿਵੇ ਨਿੱਜੀ ਸੰਪੱਤੀ ਨੂੰ ਰਾਜ ਅਧਿਕਾਰ ਵਿਚ ਲੈਣ ਅਤੇ ਉੱਚ ਅਦਾਲਤ ਦੀਆਂ ਸ਼ਕਤੀਆਂ ਨੂੰ ਘੱਟ ਕਰਨ ਨਾਲ ਸੰਬਧਿਤ ਬਿਲ।

10. ਰਾਜ ਲੋਕ ਸੇਵਾ ਆਯੋਗ ਅਤੇ ਮਹਾਂਲੇਖਾ ਅਤੇ ਨਿਰੀਖਕ ਆਪਣੀ ਸਲਾਨਾ ਰਿਪੋਰਟ ਗਵਰਨਰ ਕੋਲ ਭੇਜਦੇ ਹਨ। ਗਵਰਨਰ ਇਹਨਾਂ ਰਿਪੋਰਟਾਂ ਤੇ ਵਿਚਾਰ ਕਰਨ ਲਈ ਇਹਨਾਂ ਨੂੰ ਵਿਧਾਨ ਮੰਡਲ ਦੇ ਸਾਹਮਣੇ ਰੱਖਦਾ ਹੈ।

11.ਜੇ ਵਿਧਾਨ ਮੰਡਲ ਦੇ ਕਿਸੇ ਮੈਂਬਰ ਦੀ ਆਯੋਗਤਾ ਸਬੰਧੀ ਕੋਈ ਵਿਵਾਦ ਹੋਵੇ ਤਾਂ ਉਹ ਫੈਸਲੇ ਲਈ ਗਵਰਨਰ ਕੋਲ ਭੇਜਿਆ ਜਾਂਦਾ ਹੈ। ਇਸ ਸਬੰਧ ਵਿਚ ਉਸਦਾ ਫੈਸਲਾ ਅੰਤਿਮ ਹੁੰਦਾ ਹੈ, ਪਰੰਤੂ ਕੋਈ ਵੀ ਫੈਸਲਾ ਦੇਣ ਤੋ ਪਹਿਲਾਂ ਉਹ ਚੋਣ ਆਯੋਗ ਦੀ ਸਲਾਹ ਲਏਗਾ ਅਤੇ ਉਸਦੀ ਸਲਾਹ ਅਨੁਸਾਰ ਕੰਮ ਕਰੇਗਾ।

**1.1.4.3 ਵਿੱਤੀ ਸ਼ਕਤੀਆਂ :-**

1. ਗਵਰਨਰ ਹਰ ਵਿੱਤੀ ਸਾਲ ਦੇ ਆਰੰਭ ਵਿਚ ਰਾਜ ਵਿਧਾਨ ਮੰਡਲ ਦੇ ਸਾਹਮਣੇ ਰਾਜ ਦਾ ਬਜਟ ਪੇਸ਼ ਕਰਵਾਉਂਦਾ ਹੈ। ਬਜਟ ਵਿੱਤ ਮੰਤਰੀ ਰਾਹੀਂ ਪੇਸ਼ ਕੀਤਾ ਜਾਂਦਾ ਹੈ।ਬਜਟ ਵਿਚ ਆਉਣ ਵਾਲੇ ਸਾਲ ਲਈ ਰਾਜ ਸਰਕਾਰ ਦੀ ਆਮਦਨੀ ਅਤੇ ਖਰਚੇ ਦਾ ਬਿਉਰਾ ਹੁੰਦਾ ਹੈ। ਇਸ ਨੂੰ ਸਾਲਾਨਾ ਵਿੱਤੀ ਵਿਵਰਣ ਵੀ ਕਹਿੰਦੇ ਹਨ।

2. ਕੋਈ ਵੀ ਧਨ ਬਿਲ ਜਾਂ ਖਰਚੇ ਦੀ ਮੰਗ ਗਵਰਨਰ ਦੀ ਅਗੇਤਰੀ ਆਗਿਆ ਦੇ ਬਿਨਾਂ ਰਾਜ ਵਿਧਾਨ ਮੰਡਲ ਵਿਚ ਪੇਸ਼ ਨਹੀ ਕੀਤੀ ਜਾ ਸਕਦੀ । ਉਸ ਦੀ ਅਗੇਤਰੀ ਆਗਿਆ ਨਾਲ ਹੀ ਵਿਧਾਨ ਮੰਡਲ ਵਿਚ ਪੂਰਕ ਅਤੇ ਅਤਿਰਿਕਤ ਮੰਗਾਂ ਰੱਖੀਆਂ ਜਾਂ ਸਕਦੀਆਂ ਹਨ।

3. ਗਵਰਨਰ ਦਾ ਰਾਜ ਦੇ ਅਚੇਤ ਫੰਡ ਤੇ ਨਿਯੰਤਰਣ ਹੁੰਦਾ ਹੈ। ਉਹ ਅਚਾਨਕ ਖਰਚ ਪੈ ਜਾਣ ਤੇ ਰਾਜ ਸਰਕਾਰ ਨੂੰ ਇਸ ਫੰਡ ਵਿੱਚੋ ਰਕਮ ਦੇ ਸਕਦਾ ਹੈ। ਮਗਰੋਂ ਉਸ ਖਰਚੇ ਦੀ ਰਾਜ ਵਿਧਾਨ ਮੰਡਲ ਤੋ ਮਨਜ਼ੂਰੀ ਲੈ ਲਈ ਜਾਂਦੀ ਹੈ ਅਤੇ ਖਰਚ ਕੀਤਾ ਹੋਇਆ ਧਨ ਵਾਪਿਸ ਇਸ ਫੰਡ ਵਿਚ ਪਾ ਦਿੱਤਾ ਜਾਂਦਾ ਹੈ।

**1.1.4.4 ਨਿਆਂ ਸੰਬੰਧੀ ਸ਼ਕਤੀਆਂ :-**

1. ਗਵਰਨਰ ਰਾਜ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਦੋਸ਼ੀਆਂ ਦੀ ਸਜਾ ਮਾਫ਼ ਕਰ ਸਕਦਾ ਹੈ, ਘੱਟ ਕਰ ਸਕਦਾ ਹੈ ਜਾਂ ਸਥਗਿਤ ਕਰ ਸਕਦਾ ਹੈ, ਪਰੰਤੂ ਜੇ ਕੋਈ ਵਿਅਕਤੀ ਸੰਘੀ ਸਰਕਾਰ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਤੇ ਸਜਾ ਪ੍ਰਾਪਤ ਕਰਦਾ ਹੈ ਤਾਂ ਉਸ ਦੀ ਸਜ਼ਾ ਨੂੰ ਮਾਫ਼ ਕਰਨ, ਘੱਟ ਕਰਨ ਜਾਂ ਮੁਅੱਤਲ ਕਰਨ ਦਾ ਅਧਿਕਾਰ ਗਵਰਨਰ ਨੂੰ ਨਹੀ, ਰਾਸ਼ਟਰਪਤੀ ਨੂੰ ਹੋਵੇਗਾ।

2. ਰਾਸ਼ਟਰਪਤੀ ਉਸ ਰਾਜ ਦੀ ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਕਰਨ ਵੇਲੇ ਗਵਰਨਰ ਨਾਲ ਸਲਾਹ ਕਰਦਾ ਹੈ।

3. ਗਵਰਨਰ ਉੱਚ ਅਦਾਲਤ ਦੀ ਸਲਾਹ ਨਾਲ ਜਿਲ੍ਹਾਂ ਜੱਜ ਅਤੇ ਨਿਆਇਕ ਅਧਿਕਾਰੀਆਂ ਦੀ ਨਿਯੁਕਤੀ ਅਤੇ ਅਹੁਦੇ ਦੀ ਤਰੱਕੀ ਕਰਦਾ ਹੈ।

**1.1.4.5 ਗਵਰਨਰ ਦੀਆਂ ਸਵੈ-ਵਿਵੇਕੀ ਸ਼ਕਤੀਆਂ** :-

ਗਵਰਨਰ ਆਪਣੀਆਂ ਸਭ ਸ਼ਕਤੀਆਂ ਦੀ ਵਰਤੋਂ ਰਾਜ ਮੰਤਰੀ-ਪਰਿਸ਼ਦ ਦੀ ਸਲਾਹ ਨਾਲ ਕਰਦਾ ਹੈ, ਪਰੰਤੂ ਕੁਝ ਸ਼ਕਤੀਆਂ ਅਜਿਹੀਆਂ ਹਨ ਜਿਹਨਾਂ ਦੀ ਵਰਤੋ ਉਹ ਆਪਣੇ ਵਿਵੇਕ ਅਨੁਸਾਰ ਕਰ ਸਕਦਾ ਹੈ। ਇਹ ਸ਼ਕਤੀਆਂ ਹੇਠ ਲਿਖੀਆਂ ਹਨ :-

1. ਜੇ ਰਾਜ ਵਿਧਾਨ ਸਭਾ ਵਿਚ ਕਿਸੇ ਵੀ ਰਾਜਨੀਤਿਕ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਨਾ ਹੋਵੇ ਜਾਂ ਬਹੁਮਤ ਪ੍ਰਾਪਤ ਰਾਜਨੀਤਿਕ ਦਲ ਦਾ ਮਾਨਤਾ ਪ੍ਰਾਪਤ ਨੇਤਾ ਨਾ ਹੋਵੇ ਤਾਂ ਗਵਰਨਰ ਆਪਣੇ ਵਿਵੇਕ ਅਨੁਸਾਰ ਫੈਸਲਾ ਕਰਦਾ ਹੈ ਕਿ ਜਿਸ ਵਿਅਕਤੀ ਜਾਂ ਦਲ ਦੇ ਨੇਤਾ ਨੂੰ ਮੁੱਖ ਮੰਤਰੀ ਬਣਨ ਦਾ ਸੱਦਾ ਦਿੱਤਾ ਜਾਵੇ। ਸੱਦਾ ਦੇਣ ਤੋਂ ਪਹਿਲਾਂ ਉਸ ਨੂੰ ਇਸ ਗੱਲ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਹ ਵਿਅਕਤੀ ਰਾਜ ਵਿਧਾਨ ਸਭਾ ਵਿਚ ਆਪਣੇ ਪਿਛੇ ਬਹੁਮਤ ਦਾ ਸਮਰਥਨ ਪ੍ਰਾਪਤ ਕਰ ਲਵੇਗਾ।

2. ਗਵਰਨਰ ਆਪਣੇ ਵਿਵੇਕ ਅਨੁਸਾਰ ਇਹ ਫੈਸਲਾ ਕਰਦਾ ਹੈ ਕਿ ਰਾਜ ਦਾ ਸ਼ਾਸਨ ਸੰਵਿਧਾਨ ਦੀਆ ਧਾਰਾਵਾਂ ਦੇ ਅਨੁਸਾਰ ਚਲ ਰਿਹਾ ਹੈ ਜਾਂ ਨਹੀ। ਜੇ ਉਸ ਨੂੰ ਇਹ ਵਿਸ਼ਵਾਸ ਹੋ ਜਾਏ ਕਿ ਰਾਜ ਵਿਚ ਸੰਵਿਧਾਨਿਕ ਵਿਵਸਥਾ ਅਸਫਲ ਹੋ ਗਈ ਹੈ ਤਾਂ ਉਹ ਇਸ ਬਾਰੇ ਆਪਣੀ ਰਿਪੋਰਟ ਰਾਸ਼ਟਰਪਤੀ ਨੂੰ ਭੇਜਦਾ ਹੈ।

3. ਗਵਰਨਰ ਆਪਣੇ ਵਿਵੇਕ ਅਨੁਸਾਰ ਇਹ ਫੈਸਲਾ ਕਰਦਾ ਹੈ ਕਿ ਰਾਜ ਦੀ ਸਭਾ ਨੂੰ ਕਦੋਂ ਅਤੇ ਕਿਹੜੀਆਂ ਹਾਲਤਾਂ ਵਿਚ ਭੰਗ ਕੀਤਾ ਜਾਏ। ਉਹ ਇਸ ਬਾਰੇ ਮੁੱਖ ਮੰਤਰੀ ਰਾਹੀ ਦਿੱਤੀ ਗਈ ਸਲਾਹ ਨੂੰ ਮੰਨਣ ਲਈ ਪਾਬੰਦ ਨਹੀ ਹੁੰਦਾ।

4. ਰਾਸ਼ਟਰਪਤੀ ਨੂੰ ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਗਏ ਕਿਸੇ ਵੀ ਬਿਲ ਨੂੰ ਰਾਸ਼ਟਰਪਤੀ ਦੀ ਮੰਜੂਰੀ ਲਈ ਸੁਰੱਖਿਅਤ ਰੱਖਣ ਦਾ ਅਧਿਕਾਰ ਹੈ। ਇਸ ਅਧਿਕਾਰ ਦਾ ਪ੍ਰਯੋਗ ਉਹ ਆਪਣੇ ਵਿਵੇਕ ਅਨੁਸਾਰ ਕਰਦਾ ਹੈ। 1957 ਵਿਚ ਕੇਰਲ ਦੇ ਗਵਰਨਰ ਨੇ ਸਿੱਖਿਆ ਸੰਬੰਧੀ ਬਿਲ ਨੂੰ ਰਾਸ਼ਟਰਪਤੀ ਦੀ ਮੰਜੂਰੀ ਲਈ ਭੇਜਿਆ ਸੀ।

5. ਸੰਵਿਧਾਨ ਦੇ ਅਨੁਛੇਦ 239(2) ਦੇ ਅਧੀਨ ਜੇ ਕਿਸੇ ਗਵਰਨਰ ਨੂੰ ਨੇੜੇ ਦੇ ਸੰਘੀ ਖੇਤਰ ਦੇ ਪ੍ਰਸ਼ਾਸਨ ਦਾ ਕਾਰਜ-ਭਾਰ ਸੌਂਪਿਆ ਜਾਂਦਾ ਹੈ ਤਾਂ ਉਹ ਇਸ ਸਬੰਧ ਵਿਚ ਆਪਣੇ ਅਧਿਕਾਰਾਂ ਦਾ ਪ੍ਰਯੋਗ ਆਪਣੇ ਵਿਵੇਕ ਅਨੁਸਾਰ ਕਰੇਗਾ। ਕੁਝ ਸਮਾਂ ਪਹਿਲਾਂ ਚੰਡੀਗੜ੍ਹ ਦੇ ਸੰਘੀ ਖੇਤਰ ਦੇ ਪ੍ਰਸ਼ਾਸਨ ਦਾ ਕਾਰਜ-ਭਾਰ ਪੰਜਾਬ ਦੇ ਗਵਰਨਰ ਨੂੰ ਸੌਪਿਆਂ ਗਿਆ।

6. ਸੰਵਿਧਾਨ ਦੁਆਰਾ ਅਸਾਮ ਦੇ ਗਵਰਨਰ ਨੂੰ ਰਾਜ ਦੇ ਆਦਿਵਾਸੀ ਖੇਤਰਾਂ ਦੇ ਪ੍ਰਸ਼ਾਸਨ ਦੇ ਸਬੰਧ ਵਿਚ ਸਵੈ-ਵਿਵੇਕ ਨਾਲ ਕੰਮ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

7. ਨਾਗਾਲੈਂਡ ਦੇ ਗਵਰਨਰ ਨੂੰ ਵਿਦਰੋਹੀ ਨਾਗਿਆਂ ਦੇ ਹਿੰਸਾਤਮਕ ਕੰਮਾਂ ਨਾਲ ਨਿਪਟਣ ਲਈ ਸਵੈ-ਵਿਵੇਕ ਸ਼ਕਤੀਆਂ ਦਾ ਪ੍ਰਯੋਗ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।

8. ਸੰਵਿਧਾਨ ਦੇ ਅਨੁਛੇਦ 371 F(g) ਦੇ ਅਧੀਨ ਸਿੱਕਮ ਦੇ ਗਵਰਨਰ ਨੂੰ ਰਾਜ ਵਿਚ ਸ਼ਾਂਤੀ ਤੇ ਵਿਵਸਥਾ ਸਥਾਪਿਤ ਕਰਨ ਅਤੇ ਰਾਜ ਦੇ ਭਿੰਨ-ਭਿੰਨ ਵਰਗਾਂ ਦੇ ਸਮਾਜਿਕ ਅਤੇ ਨਾਗਰਿਕ ਵਿਕਾਸ ਲਈ ਵਿਸ਼ੇਸ਼ ਜਿੰਮੇ ਵਾਰੀਆਂ ਸੌਪੀਆਂ ਗਈਆਂ ਹਨ। ਇਹਨਾਂ ਜਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਉਹ ਰਾਸ਼ਟਰਪਤੀ ਦੇ ਆਦੇਸ਼ਾਂ ਅਨੁਸਾਰ ਕੰਮ ਕਰੇਗਾ।

## 1.1.5 ਗਵਰਨਰ ਦੀ ਸਥਿਤੀ

ਗਵਰਨਰ ਰਾਜ ਦਾ ਸੰਵਿਧਾਨਕ ਮੁੱਖੀ ਹੈ, ਅਸਲੀ ਸ਼ਾਸ਼ਕ ਨਹੀਂ । ਉਸ ਦੀ ਰਾਜ ਵਿਚ ਉਹੀ ਸਥਿਤੀ ਹੈ ਜੋ ਕੇਦੰਰ ਵਿਚ ਰਾਸ਼ਟਰਪਤੀ ਦੀ ਹੈ। ਕੇਦੰਰ ਵਾਂਗ ਰਾਂਜਾਂ ਵਿਚ ਸੰਸਦੀ ਸ਼ਾਸ਼ਨ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ। ਇਸ ਸ਼ਾਸਨ ਪ੍ਰਣਾਲੀ ਰਾਜ ਦੇ ਮੁੱਖੀ ਦੇ ਕੋਲ ਸਿਰਫ ਨਾਂ-ਮਾਤਰ ਦੀਆਂ ਸ਼ਕਤੀਆਂ ਹੁੰਦੀਆਂ ਹਨ। ਅਸਲੀ ਸ਼ਕਤੀਆਂ ਮੰਤਰੀ-ਪਰਿਸ਼ਦ ਦੇ ਕੋਲ ਹੁੰਦੀਆਂ ਹਨ ਜੋ ਉਨ੍ਹਾਂ ਦੀ ਵਰਤੋਂ ਲਈ ਵਿਧਾਨ ਮੰਡਲ ਦੇ ਪ੍ਰਤੀ ਉਤੱਰਦਾਈ ਹੁੰਦੀ ਹੈ। ਗਵਰਨਰ ਆਮ ਤੌਰ ਤੇ ਮੰਤਰੀ ਮੰਡਲ ਦੀ ਸਲਾਹ ਨਾਲ ਹੀ ਕੰਮ ਕਰਦਾ ਹੈ। ਉਹ ਮੰਤਰੀ ਮੰਡਲ ਦੀ ਸਲਾਹ ਦੇ ਵਿਰੁੱਧ ਕੁਝ ਨਹੀ ਕਰ ਸਕਦਾ ਅਤੇ ਨਾ ਹੀ ਮੰਤਰੀ ਮੰਡਲ ਦੀ ਸਲਾਹ ਬਿਨਾਂ ਕੁਝ ਕਰ ਸਕਦਾ ਹੈ। ਰਾਜਪਾਲ ਦਾ ਅਹੁਦਾ ਆਦਰ ਮਾਣ ਵਾਲਾ ਹੁੰਦਾ ਹੈ, ਅਸਲੀ ਸ਼ਕਤੀ ਵਾਲਾ ਨਹੀ। ਡਾ, ਅੰਬੇਦਕਰ ਨੇ ਸੰਵਿਧਾਨ ਵਿਚ ਗਵਰਨਰ ਦੀ ਸਥਿਤੀ ਨੂੰ ਸਪਸ਼ਟ ਕਰਦੇ ਹੋਏ ਇਹ ਸ਼ਬਦ ਕਹੇ ਸਨ ,'' ਗਵਰਨਰ ਦੀਆਂ ਸ਼ਕਤੀਆਂ ਇਤਨੀਆਂ ਸੀਮਤ, ਨਾਂਮਾਤਰ ਤੇ ਸਥਿਤੀ ਇਤਨੀ ਸਜਾਵਟ ਵਾਲੀ ਹੋਵੇਗੀ ਕਿ ਉਹ ਆਪਣੀ ਇੱਛਾ ਅਤੇ ਵਿਵੇਕ ਅਨੁਸਾਰ ਕੋਈ ਵੀ ਕੰਮ ਨਹੀਂ ਕਰ ਸਕੇਗਾ।

**ਗਵਰਨਰ ਦੀ ਬਦਲਦੀ ਭੂਮਿਕਾ :** ਗਵਰਨਰ ਦਾ ਅਹੁਦਾ ਪ੍ਰਭਾਵਹੀਣ ਨਹੀ ਹੈ। ਉਹ ਇਕ ਸੰਵਿਧਾਨਿਕ ਮੁੱਖੀ ਹੀ ਨਹੀ ਸਗੋਂ ਇਕ ਪ੍ਰਭਾਵਸ਼ਾਲੀ ਕਾਰਜਪਾਲਿਕਾ ਅਧਿਕਾਰੀ ਵੀ ਹੈ ਜਿਸ ਨੂੰ ਰਾਸ਼ਟਰਪਤੀ ਵਾਂਗ ਮੰਤਰੀ ਮੰਡਲ ਨੂੰ ਸਲਾਹ ਦੇਣ, ਉਤਸ਼ਾਹਿਤ ਕਰਨ ਅਤੇ ਚੇਤਾਵਨੀ ਦੇਣ ਦਾ ਅਧਿਕਾਰ ਹੈ। ਇਸ ਦੇ ਇਲਾਵਾਂ ਉਸ ਨੂੰ ਅਜਿਹੀਆਂ ਸ਼ਕਤੀਆਂ ਵੀ ਪ੍ਰਾਪਤ ਹਨ ਜਿਨ੍ਹਾਂ ਦੀ ਵਰਤੋਂ ਉਹ ਆਪਣੇ ਵਿਵੇਕ ਅਨੁਸਾਰ ਕਰਦਾ ਹੈ ਰਾਜ ਵਿਧਾਨ ਸਭਾ ਵਿਚ ਕਿਸੇ ਵੀ ਰਾਜਨੀਤਿਕ ਦਲ ਨੂੰ ਬਹੁਮਤ ਪ੍ਰਾਪਤ ਨਾਂਹ ਹੋਣ ਤੇ ਉਹ ਆਪਣੇ ਵਿਵੇਕ ਅਨੁਸਾਰ ਮੁੱਖ ਮੰਤਰੀ ਦੀ ਨਿਯੁਕਤੀ ਕਰਦਾ ਹੈ। ਉਹ ਆਪਣੇ ਵਿਵੇਕ ਅਨੁਸਾਰ ਰਾਸ਼ਟਰਪਤੀ ਨੂੰ ਰਾਜ ਵਿਚ ਸੰਵਿਧਾਨਿਕ ਵਿਵਸਥਾ ਅਸਫਲ ਹੋ ਜਾਣ ਦੀ ਸੂਚਨਾ ਦਿੰਦਾ ਹੈ। ਉਹ ਆਪਣੀ ਵਿਵੇਕ ਅਨੁਸਾਰ ਹੀ ਰਾਜ-ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ। ਸ੍ਰੀ ਪੀ.ਕੇ ਸੇਨ ਨੇ ਗਵਰਨਰ ਦੀ ਸਥਿਤੀ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਹੈ। ''ਉਸ ਦਾ ਕੰਮ ਸ਼ਾਸਨ ਦੇ ਜੰਤਰ ਨੂੰ ਚਿਕਨਾਹਟ ਦੇਣਾ ਹੈ ਤਾਂ

ਜੋ ਇਸ ਦੇ ਪਹੀਏ ਉਸਦੀ ਦੋਸਤਾਨਾ ਦਖਲਅੰਦਾਜ਼ੀ ਨਾਲ ਚਲਦੇ ਰਹਿਣ।''

ਗਵਰਨਰ ਰਾਜ ਵਿਚ ਕੇਂਦਰ ਦਾ ਪ੍ਰਤੀਨਿਧ ਅਤੇ ਉਸਦਾ ਕੰਮ ਰਾਜ ਸਰਕਾਰ ਨੂੰ ਸਲਾਹ ਦੇਣਾ ਅਤੇ ਉਸਦਾ ਮਾਰਗ ਦਰਸ਼ਨ ਕਰਨਾ ਹੈ ਜਦ ਕਦੀ ਉਹ ਸਰਕਾਰ ਉਸ ਦੇ ਲਈ ਇਛੁੱਕ ਹੋਵੇ। ਉਹ ਕੇਂਦਰ ਅਤੇ ਰਾਜਾਂ ਵਿਚ ਕੜੀ ਦਾ ਕੰਮ ਕਰਦਾ ਹੈ। ਉਹ ਕੇ ਂਦਰ ਨੂੰ ਇਹ ਦਸੱਦਾ ਹੈ ਕਿ ਰਾਜ ਦਾ ਪ੍ਰਸ਼ਾਸ਼ਨ ਸੰਵਿਧਾਨ ਦੇ ਅਨੁਸਾਰ ਚਲ ਰਿਹਾ ਹੈ ਜਾਂ ਨਹੀ। ਸ੍ਰੀ ਕੇ.ਐਮ. ਮੁਨਸ਼ੀ ਨੇ ਗਵਰਨਰ ਦੀ ਸਥਿਤੀ ਨੂੰ ਬੜੇ ਢੁੱਕਵੇ ਸਬਦਾਂ ਵਿਚ ਪ੍ਰਗਟ ਕੀਤਾ ਹੈ, ''ਉਹ ਸੰਵਿਧਾਨਿਕ ਉੱਚਿਤਾ ਦਾ ਪਹਿਰੇਦਾਰ ਹੈ ਅਤੇ ਉਹ ਕੜੀ ਹੈ ਜੋ ਰਾਜ ਨੂੰ ਕੇਂਦਰ ਨਾਲ ਬੰਨ੍ਹਦੀ ਹੈ, ਇਸ ਤਰ੍ਹਾਂ ਉਹ ਭਾਰਤ ਦੀ ਸੰਵਿਧਾਨਿਕ ਏਕਤਾ ਸੁਰੱਖਿਅਤ ਰਖਦਾ ਹੈ।

ਗਵਰਨਰ ਦੀ ਸਰਗਰਮ ਭੂਮਿਕਾ ਨੂੰ ਅਸੀ ਹੇਠਾਂ ਲਿਖੇ ਸਿਰਲੇਖਾਂ ਵਿਚ ਵੰਡ ਸਕਦੇ ਹਾਂ :–

### 1.1.5.1 ਕੇਂਦਰ ਦੇ ਪ੍ਰਤੀਨਿਧ ਦੇ ਰੂਪ ਵਿਚ :

ਗਵਰਨਰ ਕੇਂਦਰ ਅਤੇ ਰਾਜ ਸਰਕਾਰ ਦੇ ਵਿੱਚ ਕੜੀ ਦਾ ਕੰਮ ਕਰਦਾ ਹੈ। ਉਸ ਨੂੰ ਕੇਂਦਰ ਦੇ ਪ੍ਰਤੀਨਿਧ ਦੇ ਰੂਪ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਣੀ ਪੈਂਦੀ ਹੈ। ਸੰਵਿਧਾਨ ਸਭਾ ਵਿਚ ਗਵਰਨਰ ਦੀ ਰਾਸ਼ਟਰਪਤੀ ਦੁਆਰਾ ਨਿਯੁਕਤੀ ਸੰਬੰਧੀ ਫੈਸਲਾ ਕੀਤਾ ਗਿਆ ਸੀ ਤਾਂ ਉਸ ਸਮੇਂ ਇਸ ਵਿਚਾਰ ਨੂੰ ਧਿਆਨ ਵਿਚ ਰੱਖਿਆ ਗਿਆ ਸੀ ਕਿ ਗਵਰਨਰ ਨੇ ਰਾਜ ਵਿਚ ਕੇਂਦਰ ਦੇ ਪ੍ਰਤੀਨਿਧ ਦੇ ਰੂਪ ਵਿਚ ਕੰਮ ਕਰਨਾ ਹੈ। ਉਹ ਰਾਜ ਵਿਚ ਹੋਣ ਵਾਲੀ ਘਟਨਾ ਬਾਰੇ ਕੇਂਦਰ ਨੂੰ ਸੂਚਿਤ ਕਰਦਾ ਹੈ ਅਤੇ ਰਾਜ ਵਿਚ ਕੇਂਦਰ ਦੇ ਹਿੱਤਾਂ ਦੇ ਪਹਿਰੇਦਾਰ ਦੇ ਰੂਪ ਵਿਚ ਕੰਮ ਕਰਦਾ ਹੈ। ਰਾਜ ਦੀ ਸਰਕਾਰ ਦੀ ਕਾਰਜਸ਼ੀਲਤਾ ਅਤੇ ਰਾਜ ਦੀ ਕਾਨੂੰਨ ਅਤੇ ਵਿਵਸਥਾ ਸੰਬੰਧੀ ਜਾਣਕਾਰੀ ਗਵਰਨਰ ਦੁਆਰਾ ਹੀ ਕੇਂਦਰ ਸਰਕਾਰ ਨੂੰ ਦਿੱਤੀ ਜਾਂਦੀ ਹੈ। ਜਦੋ ਰਾਜ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਹੁੰਦਾ ਹੈ ਤਾਂ ਗਵਰਨਰ ਰਾਸ਼ਟਰਪਤੀ ਦੇ ਪ੍ਰਤੀਨਿਧ ਦੇ ਤੌਰ ਤੇ ਰਾਜ ਦੇ ਸ਼ਾਸਨ ਦਾ ਸੰਚਾਲਨ ਕਰਦਾ ਹੈ। ਹਰੇਕ ਗਵਰਨਰ ਲਈ ਇਹ ਜ਼ਰੂਰੀ ਹੈ ਕਿ ਉਹ ਰਾਸ਼ਟਰੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਅਤੇ ਰਾਜਨੀਤੀ ਤੋਂ ਉੱਪਰ ਉੱਠ ਕੇ ਕੇਂਦਰ ਦੇ ਪ੍ਰਤੀਨਿਧ ਦੇ ਤੌਰ ਤੇ ਆਪਣੀ ਭੂਮਿਕਾ ਨਿਭਾਏ। ਅਕਤੂਬਰ 1997 ਵਿਚ ਉੱਤਰ ਪ੍ਰਦੇਸ਼ ਦੇ ਗਵਰਨਰ ਸ੍ਰੀ ਰਮੇਸ਼ ਪੰਡਾਰੀ ਨੇ ਉੱਤਰ ਪ੍ਰਦੇਸ਼ ਅਤੇ ਸੰਤਬਰ 1998 ਵਿਚ ਬਿਹਾਰ ਰਾਜ ਦੇ ਗਵਰਨਰ ਸ੍ਰੀ ਸੁੰਦਰ ਸਿੰਘ ਭੰਡਾਰੀ ਨੇ ਬਿਹਾਰ ਵਿਚ ਸੰਵਿਧਾਨਿਕ ਸੰਕਟ ਹੋਣ ਦੇ ਵਿਸ਼ੇ ਵਿਚ ਆਪਣੀ ਆਪਣੀ ਰਿਪੋਰਟ ਰਾਸ਼ਟਰਪਤੀ ਨੂੰ ਦਿੱਤੀ ਅਤੇ ਸਿਫਾਰਸ਼ ਕੀਤੀ ਕਿ ਉਹਨਾਂ ਰਾਜਾਂ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ ਜਾਏ। ਗਵਰਨਰਾਂ ਦੀ ਸਿਫਾਰਸ਼ਾਂ ਦੇ ਅਧਾਰ ਤੇ 1997 ਵਿਚ ਸ੍ਰੀ ਇੰਦਰ ਕੁਮਾਰ ਗੁਜਰਾਲ ਦੇ ਮੰਤਰੀ ਮੰਡਲ ਨੇ ਉੱਤਰ ਪ੍ਰਦੇਸ਼ ਅਤੇ 1998 ਵਿਚ ਸ੍ਰੀ ਅਟਲ ਬਿਹਾਰੀ ਵਾਜਪਈ ਦੇ ਮੰਤਰੀ ਮੰਡਲ ਨੇ ਬਿਹਾਰ ਵਿਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੀ ਰਾਸ਼ਟਰਪਤੀ ਨੂੰ ਸਿਫਾਰਸ਼ ਕੀਤੀ। ਪਰੰਤੂ ਦੋਨਾਂ ਵਾਰ ਰਾਸ਼ਟਰਪਤੀ ਸ੍ਰੀ ਕੇਆਰ. ਨਰਾਇਣਨ ਨੇ ਕੇਂਦਰੀ ਮੰਤਰੀ-ਮੰਡਲ ਦੀ ਸਲਾਹ ਨੂੰ ਸਵੀਕਾਰ ਨਹੀ ਕੀਤਾ। ਇਹ ਦੋਵੇ ਉਦਾਹਾਰਨਾਂ ਗਵਰਨਰਾਂ ਦੀ ਲਈ ਆਪਣੀ ਭੂਮਿਕਾ ਨਿੱਰਪਖਤਾ ਸਹਿਤ ਨਿਭਾਉਣ ਲਈ ਪ੍ਰੇਰਣਾਦਾਇਕ ਹੋ ਸਕਦੀਆਂ ਹਨ।

### 1.1.5.2 ਰਾਜ ਦੀ ਸੰਵਿਧਾਨਿਕ ਵਿਵਸਥਾ ਦੀ ਅਸਫਲਤਾ ਦੇ ਸੰਬੰਧ ਵਿਚ ਰਿਪੋਰਟ ਭੇਜਨ ਦੇ ਸੰਬੰਧ ਵਿਚ :–

ਗਵਰਨਰ ਰਾਜ ਵਿਚ ਸੰਵਿਧਾਨਿਕ ਵਿਵਸਥਾ ਦੀ ਅਸਫਲਤਾ ਦੇ ਸੰਬੰਧ ਵਿਚ ਆਪਣੀ ਰਿਪੋਰਟ ਕੇਂਦਰ ਨੂੰ ਭੇਜਦਾ ਹੈ ਜਿਸਦੇ ਆਧਾਰ ਤੇ ਰਾਜ ਵਿਚ ਰਾਸ਼ਟਰਪਤੀ ਸ਼ਾਸਨ ਲਗਾਇਆ ਜਾਂਦਾ ਹੈ। ਪਰੰਤੂ ਅੱਜ ਕੇਂਦਰ ਅਤੇ ਰਾਜਾਂ ਵਿਚ ਵੱਖ-ਵੱਖ ਰਾਜਨੀਤਿਕ ਦਲਾਂ ਦੀਆਂ ਸਰਕਾਰਾਂ ਹੋਣ ਕਾਰਨ ਕੇਂਦਰੀ ਸਰਕਾਰ ਗਵਰਨਰ ਉਤੇ ਵਿਰੋਧੀ ਦਲਾਂ ਦੀਆਂ ਸਰਕਾਰਾਂ ਨੂੰ ਗਿਰਾਉਣ ਲਈ ਆਪਣੀ ਪਸੰਦ ਦੀ ਰਿਪੋਰਟ ਪ੍ਰਾਪਤ ਕਰਨ ਲਈ ਦਬਾਅ ਪਾ ਸਕਦੀ ਹੈ। ਪਰੰਤੂ ਅਜਿਹੀ ਸਥਿਤੀਆਂ ਵਿਚ ਗਵਰਨਰ ਨੂੰ ਕੇਂਦਰ ਦੀ ਸਰਕਾਰ ਦੇ ਦਬਾਅ ਵਿਚ ਨਹੀਂ ਆਉਣਾ ਚਾਹੀਦਾ, ਸਗੋਂ ਸੋਚ-ਵਿਚਾਰ ਦੇ ਬਾਅਦ ਨਿਰਪੱਖ ਨਿਰਣਾ ਕਰਨਾ ਚਾਹੀਦਾ ਹੈ ਅਤੇ ਬਿਲਕੁਲ ਠੀਕ ਰਿਪੋਰਟ ਹੀ ਕੇਂਦਰ ਨੂੰ ਭੇਜਣੀ ਚਾਹੀਦੀ ਹੈ।

### 1.1.5.3 ਸਰਕਾਰ ਦੇ ਨਿਰਮਾਣ ਦੇ ਸੰਬੰਧ ਵਿਚ :–

ਜੇਕਰ ਕਿਸੇ ਰਾਜ ਦੀਆਂ ਚੋਣਾਂ ਦੇ ਬਾਅਦ ਵਿਧਾਨ ਸਭਾ ਵਿਚ ਕਿਸੇ ਇਕ ਦਲ ਨੂੰ ਹੀ ਸਪੱਸ਼ਟ ਬਹੁਮਤ ਪ੍ਰਾਪਤ ਹੋ ਜਾਏ ਤਾਂ ਗਵਰਨਰ ਨੂੰ ਸਰਕਾਰ ਦਾ ਨਿਰਮਾਣ ਕਰਨ ਵਿਚ ਕੋਈ ਔਕੜ ਨਹੀ ਹੁੰਦੀ ਪਰੰਤੂ ਵਰਤਮਾਨ ਰਾਜਨੀਤਿਕ ਸਥਿਤੀ ਵਿਚ ਇਕ ਹੀ ਦਲ ਨੂੰ ਸਪੱਸ਼ਟ ਬਹੁਮਤ ਪ੍ਰਾਪਤ ਹੋਣ ਦੀ ਸੰਭਾਵਨਾ ਕਾਫ਼ੀ ਘੱਟ ਹੈ। ਅਜਿਹੀ ਸਥਿਤੀ ਵਿਚ ਗਵਰਨਰ ਦੀ ਭੂਮਿਕਾ ਬਹੁਤ ਮਹੱਤਵਪੂਰਨ ਬਣ ਜਾਂਦੀ ਹੈ। ਜਦੋਂ ਵਿਧਾਨ ਸਭਾ ਵਿਚ ਕਿਸੇ ਵੀ ਰਾਜਨੀਤਿਕ ਦਲ ਨੂੰ ਸਪੱਸ਼ਟ ਬਹੁਮਤ ਹਾਸਲ ਨਾ ਹੋਵੇ ਤਾਂ ਗਵਰਨਰ ਦੀ ਇਹ ਜਿੰਮੇਵਾਰੀ ਹੁੰਦੀ ਹੈ ਕਿ ਉਹ ਸਾਰੀ ਸਥਿਤੀ ਦਾ ਇਮਾਨਦਾਰੀ ਨਾਲ ਪੂਰਨ ਨਿਰੀਖਣ ਕਰੇ ਅਤੇ ਅਜਿਹੇ ਵਿਅਕਤੀ ਨੂੰ ਹੀ ਸਰਕਾਰ

ਨਿਰਮਾਣ ਕਰਨ ਲਈ ਸੱਦਾ ਦੇਵੇ ਜੋ ਸਰਕਾਰ ਚਲਾਉਣ ਦੀ ਸਥਿਤੀ ਵਿਚ ਹੋ ਸਕਦਾ ਹੋਵੇ। ਸਰਕਾਰ ਦਾ ਨਿਰਮਾਣ ਹੋਣ ਦੇ ਬਾਅਦ ਵੀ ਸਰਕਰ ਨੂੰ ਗਿਰਾਉਣ ਦੇ ਉਦੇਸ਼ ਨਾਲ ਮੈਂਬਰਾਂ ਦੀ ਜੋੜ-ਤੋੜ ਲਈ ਯਤਨ ਸ਼ੁਰੂ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਗਵਰਨਰ ਲਈ ਬਹੁਤ ਸੂਝ-ਬੂਝ, ਸ਼ਾਂਤੀ ਅਤੇ ਸੰਤੋਖ ਤੋ ਕੰਮ ਲੈਣ ਦੀ ਲੋੜ ਹੁੰਦੀ ਹੈ। ਗਵਰਨਰ ਦੇ ਸਾਹਮਣੇ ਸਿਰਫ ਇਕ ਹੀ ਉਦੇਸ਼ ਹੋਣਾ ਜ਼ਰੂਰੀ ਹੈ ਕਿ ਸਥਿਤੀ ਦਾ ਜਾਇਜਾਂ ਲੈ ਕੇ ਅਜਿਹੀ ਸਰਕਾਰ ਦਾ ਨਿਰਮਾਣ ਕਰੇ ਜੋ ਸਥਾਈ ਸਿੱਧ ਹੋਵੇ ਅਤੇ ਜੋ ਰਾਜ ਦੇ ਲੋਕਾਂ ਦੇ ਹਿੱਤਾਂ ਦੇ ਵਿਕਾਸ ਲਈ ਕੰਮ ਕਰਨ ਦੇ ਯੋਗ ਹੋਵੇ।

**1.1.5.4 ਵਿਧਾਨ ਸਭਾ ਵਿਚ ਸਰਕਾਰ ਨੂੰ ਹਾਸਲ ਬਹੁਮਤ ਦੇ ਸਮਰਥਨ ਨੂੰ ਯਕੀਨੀ ਬਣਾਉਣ ਦੇ ਸੰਬੰਧ ਵਿਚ :-**

ਜਦੋ ਕਿਸੇ ਵੀ ਰਾਜਨੀਤਿਕ ਦਲ ਨੂੰ ਵਿਧਾਨ ਸਭਾ ਵਿਚ ਸਪੱਸ਼ਟ ਬਹੁਮਤ ਹਾਸਲ ਨਾ ਹੋਵੇ ਤਾਂ ਗਵਰਨਰ ਲਈ ਇਹ ਜ਼ਰੂਰੀ ਹੈ ਕਿ ਉਹ ਅਜਿਹੇ ਦਲ ਦੇ ਨੇਤਾ ਨੂੰ ਸਰਕਾਰ ਦਾ ਨਿਰਮਾਣ ਕਰਨ ਲਈ ਸੱਦ ਦੇਵੇ ਜਿਸ ਨੂੰ ਵਿਧਾਨ ਸਭਾ ਵਿਚ ਬਹੁਮਤ ਦਾ ਸਮਰਥਨ ਹਾਸਲ ਹੋ ਸਕਦਾ ਹੋਵੇ। ਗਵਰਨਰ ਮੁੱਖ ਮੰਤਰੀ ਨੂੰ ਨਿਸ਼ਚਿਤ ਸਮੇਂ ਦੇ ਅੰਦਰ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰ ਲਈ ਨਿਰਦੇਸ਼ ਦਿੰਦਾ ਹੈ। ਹਰੇਕ ਗਵਰਨਰ ਆਪਣੀ ਇੱਛਾ ਅਨੁਸਾਰ ਸਮੇਂ ਦੀ ਸੀਮਾਂ ਨਿਸ਼ਚਿਤ ਕਰਦਾ ਹੈ ਜਿਸਦੇ ਅੰਦਰ ਮੁੱਖ ਮੰਤਰੀ ਲਈ ਵਿਧਾਨਸਭਾ ਵਿਚ ਵਿਸ਼ਵਾਸ ਮਤ ਹਾਸਲ ਕਰਕੇ ਆਪਣੇ ਪੱਖ ਵਿਚ ਬਹੁਮਤ ਦੇ ਸਮਰਥਨ ਦਾ ਸਬੂਤ ਦੇਣਾ ਹੁੰਦਾ ਹੈ। ਗਵਰਨਰ ਨੂੰ ਚਾਹੀਦਾ ਹੈ ਕਿ ਉਹ ਘੱਟ ਗਿਣਤੀ ਸਰਕਾਰ ਦੇ ਨੇਤਾ ਨੂੰ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰਨ ਲਈ ਜ਼ਿਆਦਾ ਲੰਬਾ ਸਮੇਂ ਨਾ ਦੇਵੇ, ਰਾਜ ਨੇਤਾ ਵਿਧਾਇਕਾਂ ਦੇ ਨਾਲ ਰਾਜਨੀਤਿਕ ਸੌਦੇਬਾਜ਼ੀ ਕਰਦੇ ਹਨ। ਲੰਬੇ ਸਮੇ ਵਿਚ ਰਾਜਨੀਤਿਕ ਸੌਦੇਬਾਜ਼ੀ ਅਤੇ ਰਾਜਨੀਤਿਕ ਅਨੈਤਿਕਤਾ ਦੀ ਸੰਭਾਵਨਾਵਾਂ ਵੱਧ ਜਾਂਦੀਆਂ ਹਨ। ਬਦਲਦੀ ਹੋਈ ਰਾਜਨੀਤਿਕ ਸਥਿਤੀ ਵਿਚ ਗਵਰਨਰ ਲਈ ਜ਼ਿਆਦਾ ਚੋਕੰਨਾ ਹੋਣ ਦੀ ਲੋੜ ਹੈ ਕਿਉਕਿ ਰਾਜਨੀਤਿਕ ਸੌਦੇਬਾਜ਼ੀ ਨੂੰ ਰੋਕਣ ਜਾਂ ਘੱਟ ਕਰਨ ਵਿਚ ਗਵਰਨਰ ਦੀ ਯੋਗ ਕਾਰਵਾਈ ਜ਼ਿਆਦਾ ਸਹਾਇਕ ਸਿੱਧ ਹੋ ਸਕਦੀ ਹੈ।

**1.1.5.5 ਸਰਕਾਰ ਨੂੰ ਭੰਗ ਕਰਨ ਦੇ ਸੰਬੰਧ ਵਿਚ**

ਗਵਰਨਰ ਸਰਕਾਰ ਨੂੰ ਕੁਝ ਵਿਸ਼ੇਸ਼ ਪਰਿਸਥਿਤੀਆਂ ਵਿਚ ਭੰਗ ਕਰ ਸਕਦਾ ਹੈ। ਕਈ ਵਾਰ ਕੁਝ ਵਿਧਾਇਕ ਜਾਂ ਰਾਜਨੀਤਿਕ ਦਲ ਸਰਕਾਰ ਤੋਂ ਆਪਣੇ ਸਮਰਥਨ ਵਾਪਸ ਲੈ ਲੈਂਦੇ ਹਨ। ਅਜਿਹੀ ਸਥਿਤੀ ਵਿਚ ਸਰਕਾਰ ਨੂੰ ਬਹੁਮਤ ਦਾ ਸਮਰਥਨ ਖਤਮ ਹੋ ਸਕਦਾ ਹੈ। ਜਦੋਂ ਕਦੇ ਵੀ ਅਜਿਹੀ ਸਥਿਤੀ ਪੈਦਾ ਹੋ ਜਾਏ ਤਾਂ ਸੰਬੰਧਤ ਗਵਰਨਰ ਨੂੰ ਮੁੱਖ ਮੰਤਰੀ ਨੂੰ ਆਦੇਸ਼ ਦੇਣਾ ਚਾਹੀਦਾ ਹੈ। ਕਿ ਉਹ ਨਿਸ਼ਚਿਤ ਸਮੇ ਦੇ ਅੰਦਰ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਿੱਧ ਕਰੇ ਇਸ ਪਰਿਸਥਿਤੀ ਵਿਚ ਸੰਬੰਧਤ ਗਵਰਨਰ ਨੂੰ ਇਸ ਸਿਧਾਂਤ ਉਤੇ ਵੀ ਫੈਸਲਾ ਕਰਨਾ ਚਾਹੀਦਾ ਹੈ ਕਿ ਸਰਕਾਰ ਨੂੰ ਬਹੁਮਤ ਦਾ ਸਮਰਥਨ ਹਾਸਲ ਹੋਣ ਦੇ ਸੰਬੰਧ ਵਿਚ ਪ੍ਰਸ਼ਨ ਦਾ ਫੈਸਲਾ ਕਰਨ ਲਈ ਇਕ ਉਚਿਤ ਜਗ੍ਹਾ ਵਿਧਾਨ ਸਭਾ ਹੀ ਹੈ। ਕਿਸੇ ਸਰਕਾਰ ਨੂੰ ਵਿਧਾਨ ਸਭਾ ਦਾ ਬਹੁਮਤ ਹਾਸਲ ਹੋਣ ਦਾ ਫੈਸਲਾ ਰਾਜ ਭਵਨ ਵਿਚ ਗਵਰਨਰ ਦੁਆਰਾ ਨਹੀ, ਸਗੋਂ ਵਿਧਾਨ ਸਭਾ ਵਿਧਾਇਕਾਂ ਦੁਆਰਾ ਕੀਤਾ ਜਾਣਾ ਜ਼ਰੂਰੀ ਹੈ।

**1.1.5.6 ਵਿਧਾਨ ਮੰਡਲ ਦੁਆਰਾ ਪਾਸ ਕੀਤੇ ਬਿਲਾਂ ਨੂੰ ਪ੍ਰਵਾਨਗੀ ਦੇਣ ਦੇ ਸੰਬੰਧ ਵਿਚ –** ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਬਿਲ ਗਵਰਨਰ ਦੀ ਪ੍ਰਵਾਨਗੀ ਲਈ ਭੇਜਣੇ ਜ਼ਰੂਰੀ ਹਨ, ਕਿਉਂਕਿ ਗਵਰਨਰ ਦੀ ਪ੍ਰਵਾਨਗੀ ਦੇ ਬਿਨਾਂ ਕੋਈ ਵੀ ਬਿਲ ਕਾਨੂੰਨ ਨਹੀ ਬਣ ਸਕਦਾ। ਗਵਰਨਰ ਨੂੰ ਇਹ ਸ਼ਕਤੀ ਪ੍ਰਾਪਤ ਹੈ ਕਿ ਉਹ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਬਿਲਾਂ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਰੱਖ ਸਕਦਾ ਹੈ। ਇਸ ਗੱਲ ਦਾ ਫੈਸਲਾ ਗਵਰਨਰ ਦੀ ਸਵੈ-ਇਛੁੱਕ ਸ਼ਕਤੀ ਉਤੇ ਨਿਰਭਰ ਕਰਦਾ ਹੈ ਕਿ ਕਿਹੜਾ ਬਿਲ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖਣਾ ਹੈ। ਵਰਤਮਾਨ ਗਠਜੋੜ ਦੀ ਰਾਜਨੀਤੀ ਅਤੇ ਕੇਦੰਰ ਤੇ ਰਾਜਾਂ ਵਿਚ ਸਰਕਾਰਾਂ ਦੀ ਵੱਖ-ਵੱਖ ਰਾਜਨੀਤਿਕ ਸਥਿਤੀ ਇਹ ਮੰਗ ਕਰਦੀ ਹੈ ਕਿ ਗਵਰਨਰ ਸਿਰਫ ਉਹਨਾਂ ਬਿਲਾਂ ਨੂੰ ਹੀ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖੇ ਜਿਹਨਾਂ ਦੀ ਪ੍ਰਵਾਨਗੀ ਰਾਸ਼ਟਰਪਤੀ ਤੋ ਲੈਣਾ ਸੰਵਿਧਾਨਿਕ ਪੱਖ ਤੋ ਜ਼ਰੂਰੀ ਹੈ ਅਤੇ ਰਾਸ਼ਟਰੀ ਹਿੱਤਾਂ ਵਿਚ ਹੈ। ਜੇਕਰ ਕੇਦੰਰ ਅਤੇ ਰਾਜ ਵਿਚ ਵੱਖ-ਵੱਖ ਰਾਜਨੀਤਿਕ ਦਲਾਂ ਦੀਆਂ ਸਰਕਾਰਾਂ ਹਨ ਤਾਂ ਗਵਰਨਰ ਅਜਿਹੇ ਬਿਲਾਂ ਨੂੰ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵੇਂ ਨਾ ਰਖੇ ਜਿਹਨਾਂ ਬਿਲਾਂ ਦੇ ਸੰਬੰਧ ਵਿਰ ਰਾਜ ਸਰਕਾਰ ਗਵਰਨਰ ਦੀ ਜਲਦੀ ਪ੍ਰਵਾਨਗੀ ਦੀ ਮੰਗ ਕਰਦਾ ਹੈ। ਗਵਰਨਰ ਨੂੰ ਰਾਜਨੀਤਿਕ ਅਧਾਰਾਂ ਉਤੇ ਕਿਸੇ ਵੀ ਬਿਲ ਨੂੰ ਰਾਸ਼ਟਰਪਤੀ

ਦੇ ਵਿਚਾਰ ਲਈ ਰਾਖਵਾਂ ਨਹੀ ਰੱਖਣਾ ਚਾਹੀਦਾ ਕਿਉਂਕਿ ਅਜਿਹੀ ਸਥਿਤੀ ਕੇਦੰਰ ਅਤੇ ਰਾਜਾਂ ਵਿਚ ਤਨਾਅ ਪੈਦਾ ਕਰਦੀ ਹੈ।

**1.1.5.7 ਸੰਵਿਧਾਨਿਕ ਮੁੱਖੀ ਦੇ ਰੂਪ ਵਿਚ** :– ਗਵਰਨਰ ਰਾਜ ਦਾ ਸੰਵਿਧਾਨਿਕ ਮੁੱਖੀ ਹੁੰਦਾ ਹੈ। ਉਸਦੀ ਸਲਾਹ ਅਤੇ ਸਹਾਇਤਾ ਲਈ ਸੰਵਿਧਾਨ ਦੀ ਧਾਰਾ 163 ਵਿਚ ਮੰਤਰੀ ਪਰਿਸ਼ਦ ਦੀ ਵਿਵਸਥਾ ਕੀਤੀ ਗਈ ਹੈ। ਰਾਜਾਂ ਵਿਚ ਸੰਸਦੀ ਪ੍ਰਣਾਲੀ ਹੋਣ ਕਾਰਨ ਗਵਰਨਰਾਂ ਨੂੰ ਆਪਣੇ-ਆਪਣੇ ਰਾਜ ਦੀ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕੰਮ ਕਰਨਾ ਜ਼ਰੂਰੀ ਹੈ ਪਰੰਤੂ ਧਾਰਾ 163 ਦੇ ਅਧੀਨ ਹੀ ਗਵਰਨਰਾਂ ਨੂੰ ਸਵੈ-ਇਛੱਕ ਸ਼ਕਤੀਆਂ ਦੇ ਪ੍ਰਯੋਗ ਦਾ ਅਧਿਕਾਰ ਦਿੱਤਾ ਗਿਆ ਹੈ। ਗਵਰਨਰ ਆਪਣੀ ਇਸ ਸ਼ਕਤੀ ਦੇ ਅਧਾਰ ਉਤੇ ਕਿਸੇ ਵੀ ਵਿਸ਼ੇ ਦੇ ਸੰਬੰਧ ਵਿਚ ਮੰਤਰੀ ਪਰਿਸ਼ਦ ਦੀ ਸਲਾਹ ਦੇ ਬਿਨਾਂ ਅਤੇ ਆਪਣੀ ਸਵੈ-ਇਛੱਕ ਸ਼ਕਤੀ ਤੇ ਕੰਮ ਕਰ ਸਕਦਾ ਹੈ। ਜੇਕਰ ਕੇਦੰਰ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਰਾਜਨੀਤਿਕ ਇਕਪੂਰਤਾ ਨਹੀ ਹੋਵੇਗੀ ਤਾਂ ਗਵਰਨਰਾਂ ਲਈ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਨਿਰਪੱਖਤਾ ਸਹਿਤ ਸੰਵਿਧਾਨਿਕ ਮੁੱਖੀ ਦੇ ਤੌਰ ਤੇ ਆਪਣੇ ਕੰਮਾਂ ਦੀ ਪੂਰਤੀ ਕਰੇ।

ਗਵਰਨਰ ਦੀ ਭੂਮਿਕਾ ਵਰਤਮਾਨ ਰਾਜਨੀਤਿਕ ਸਥਿਤੀ ਵਿਚ ਬਹੁਤ ਮਹੱਤਵਪੂਰਨ ਬਣ ਗਈ ਹੈ। ਪਿਛਲੀਆਂ ਪੰਜਾ ਸਾਧਾਰਣ ਚੋਣਾਂ ਵਿਚ ਕਿਸੇ ਵੀ ਰਾਜਨੀਤਿਕ ਦਲ ਨੂੰ ਸਪੱਸ਼ਟ ਬਹੁਮਤ ਹਾਸਲ ਨਾ ਹੋਣ ਕਾਰਨ ਅਲੱਗ-ਅਲੱਗ ਰਾਜਨੀਤਿਕ ਦਲਾਂ ਦੀਆਂ ਸੰਯੁਕਤ ਸਰਕਾਰਾਂ ਦਾ ਯੁਗ ਸ਼ੁਰੂ ਹੋ ਗਿਆ ਹੈ ਅਤੇ ਕਾਫੀ ਲੰਬੇ ਸਮੇਂ ਤਕ ਇਸ ਤਰ੍ਹਾਂ ਦੀਆਂ ਹੀ ਸਰਕਾਰਾਂ ਬਣਨ ਦੀ ਜ਼ਿਆਦਾ ਸੰਭਾਵਨਾ ਹੈ। ਅਜਿਹੀ ਸਥਿਤੀ ਵਿਚ ਗਵਰਨਰਾਂ ਦੇ ਲਈ ਸਭ ਤੋ ਵੱਡੀ ਲੋੜ ਉਸ ਸੂਝ ਅਤੇ ਅਨੁਭਵ ਦੀ ਹੈ ਜਿਸ ਦੁਆਰਾ ਉਹ ਭਾਰਤ ਦੀਆਂ ਗੁੰਝਲਦਾਰ ਰਾਜਨੀਤਿਕ ਸਥਿਤੀਆਂ ਵਿਚ ਯੋਗ ਅਤੇ ਜ਼ਰੂਰੀ ਭੂਮਿਕਾ ਨਿਭਾ ਸਕੇ।

### 1.1.6 ਸਾਰੰਸ਼ :–

ਕੇਦੰਰ ਵਾਂਗ ਭਾਰਤ ਦੇ ਰਾਜਾਂ ਵਿਚ ਵੀ ਸੰਸਦੀ ਸ਼ਾਸਨ ਪ੍ਰਣਾਲੀ ਹੈ। ਗਵਰਨਰ ਰਾਜ ਦਾ ਸੰਵਿਧਾਨਿਕ ਮੁਖੀ ਹੈ, ਅਸਲੀ ਕਾਰਜਪਾਲਿਕਾ ਨਹੀ। ਉਸ ਕੋਲ ਸਾਸ਼ਨ ਕਰਨ ਦੀਆ ਨਾਂ-ਮਾਤਰ ਸ਼ਕਤੀਆਂ ਹੁੰਦੀਆਂ ਹਨ।ਉਹ ਰਾਸ਼ਟਰਪਤੀ ਦੀ ਖੁਸ਼ੀ ਤੱਕ ਅਹੁਦੇ ਤੇ ਰਹਿ ਸਕਦਾ ਹੈ। ਪਰ ਸੰਵਿਧਾਨਿਕ ਤੌਰ ਤੇ ਉਸ ਦਾ ਕਾਰਜਕਾਰਲ ਪੰਜ ਸਾਲ ਹੈ। ਉਹ ਰਾਜ ਵਿਚ ਮੁੱਖ ਮੰਤਰੀ ਤੇ ਹੋਰ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ। ਉਨ੍ਹਾਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ। ਐਡਵੋਕੇਟ ਜਨਰਲ ਤੇ ਲੋਕ ਸੇਵਾ ਕਮਿਸ਼ਨ ਦੇ ਮੈਂਬਰਾਂ ਆਦਿ ਦੀਆਂ ਨਿਯੁਕਤੀਆਂ ਵੀ ਕਰਦਾ ਹੈ। ਉਹ ਵਿਧਾਨ ਮੰਡਲ ਦਾ ਸਮਾਗਮ ਬੁਲਾਉਂਦਾ, ਵਿਸਰਜਿਤ ਕਰਦਾ ਤੇ ਪਹਿਲੇ ਇਜਲਾਸ ਦੇ ਆਰੰਭ ਵਿਚ ਭਾਸ਼ਣ ਕਰਦਾ ਹੈ। ਵਿਧਾਨ ਮੰਡਲ ਦੁਆਰਾ ਪਾਸ ਕੀਤੇ ਬਿਲਾਂ ਤੇ ਦਸਤਖਤ ਕਰਦਾ ਜਾਂ ਰਾਖਵੇਂ ਰੱਖ ਸਕਦਾ ਹੈ। ਉਸ ਕੋਲ ਅਧਿਆਦੇਸ਼ ਜਾਰੀ ਕਰਨ ਦੀ ਵੀ ਸ਼ਕਤੀ ਹੈ। ਉਹ ਵਿਧਾਨ ਸਭਾ ਨੂੰ ਮੁੱਖ ਮੰਤਰੀ ਦੇ ਕਹਿਣ ਤੇ ਭੰਗ ਕਰ ਸਕਦਾ ਹੈ। ਹਰ ਵਿੱਤੀ ਸਾਲ ਦੌਰਾਨ ਰਾਜ ਦਾ ਬਜਟ ਪੇਸ਼ ਕਰਵਾਉਂਦਾ ਹੈ ।ਕੋਈ ਵੀ ਧਨ ਬਿਲ ਉਸਦੀ ਅਗੇਤਰੀ ਮਨਜ਼ੂਰੀ ਤੋ ਬਿਨਾਂ ਰਾਜ ਵਿਧਾਨ ਮੰਡਲ ਵਿਚ ਪੇਸ਼ ਨਹੀ ਹੋ ਸਕਦਾ। ਰਾਜ ਦੇ ਅਚਨਚੇਤ ਫੰਡ ਤੇ ਉਸ ਦਾ ਪੂਰਾ ਪੂਰਾ ਕੰਟਰੋਲ ਹੁੰਦਾ ਹੈ। ਉਹ ਰਾਜ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਦੋਸ਼ੀਆਂ ਦੀ ਸਜਾ ਮਾਫ ਕਰ ਸਕਦਾ ਹੈ, ਘੱਟ ਕਰ ਸਕਦਾ ਹੈ। ਜੱਜਾਂ ਦੀ ਨਿਯੁਕਤੀ ਕਰਨ ਵੇਲੇ ਰਾਸ਼ਟਰਪਤੀ ਗਵਰਨਰ ਦੀ ਸਲਾਹ ਲੈਂਦਾ ਹੈ। ਕਈ ਸਥਿਤੀਆਂ ਵਿੱਚ ਸਵੈ-ਇੱਛਾ ਨਾਲ ਉਹ ਕੰਮ ਕਰਦਾ ਹੈ। ਜੇ ਕਿਸੇ ਵੀ ਪਾਰਟੀ ਨੂੰ ਰਾਜ ਵਿਧਾਨ ਮੰਡਲ ਵਿਚ ਬਹੁਮਤ ਨਾ ਮਿਲੇ ਤਾਂ ਉਹ ਕਿਸੇ ਅਜਿਹੇ ਨੇਤਾ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਸਕਦਾ ਹੈ ਜਿਸ ਪਿੱਛੇ ਉਸ ਨੂੰ ਵਿਧਾਨ ਮੰਡਲ ਵਿਚ ਬਹੁਮਤ ਦੀ ਘਾਟ ਹੋਵੇ। ਆਪਣੀ ਮਰਜ਼ੀ ਨਾਲ ਉਹ ਰਾਸ਼ਟਰਪਤੀ ਨੂੰ ਰਾਜ ਵਿਚ ਸੰਵਿਧਾਨਿਕ ਮਸ਼ੀਨਰੀ ਦੇ ਫੇਲ ਹੋ ਜਾਣ ਬਾਰੇ ਰਿਪੋਰਟ ਦੇ ਸਕਦਾ ਹੈ। ਪਰ ਵਿਵਹਾਰ ਵਿਚੋਂ ਜ਼ਿਆਦਾਤਰ ਗਵਰਨਰ ਕੇਦਰੀ ਸਰਕਾਰ ਦੇ ਏਜੰਟ ਦੇ ਤੌਰ ਤੇ ਕੰਮ ਕਰਦੇ ਹਨ। ਕਈ ਵਾਰ ਉਹ ਰਾਜਨੀਤਿਕ ਪਾਰਟੀਆਂ ਦੀ ਆਪਸੀ ਖਹਿਬਾਜ਼ੀ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਵਿਰੋਧੀ ਪਾਰਟੀਆਂ ਦੀ ਸਰਕਾਰਾਂ ਗਿਰਾਉਣ ਲਈ ਕਈ ਵਾਰ ਗਵਰਨਰ ਸੰਵਿਧਾਨਿਕ ਮਸ਼ੀਨਰੀ ਦੇ ਅਸਫਲ ਹੋਣ ਦੀ ਰਿਪੋਰਟ ਰਾਜਨੀਤਿਕ ਅਧਾਰਾਂ ਤੇ ਹੀ ਦੇ ਦਿੰਦੇ ਹਨ। ਜੇ ਕਿਸੇ ਪਾਰਟੀ ਨੂੰ ਵਿਧਾਨ ਸਭਾ ਵਿਚ ਬਹੁਮਤ ਨਾ ਮਿਲੇ ਤਾਂ ਉਹ ਬਹੁਮਤ ਦਾ ਦਾਅਵਾ ਕਰਨ ਵਾਲੇ ਨੇਤਾਵਾਂ ਵਿੱਚ ਵੀ ਰਾਜਨੀਤਿਕ ਭੂਮਿਕਾ ਨਿਭਾ ਜਾਂਦਾ ਹੈ। ਵਿਧਾਨ ਮੰਡਲਾਂ ਦੁਆਰਾ ਪਾਸ ਕੀਤੇ ਬਿੱਲਾਂ ਨੂੰ ਪ੍ਰਵਾਨਗੀ ਦੇਣਾ ਜਾਂ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖ ਲੈਣਾ ਗਵਰਨਰ ਦੀ ਰਾਜਨੀਤਿਕ ਮੁਹਾਰਤ ਦਰਸਾਉਂਦਾ ਹੈ। ਕੁੱਝ ਵੀ ਹੋਵੇ ਗਵਰਨਰ ਦੀ ਸਥਿਤੀ ਰਾਜ ਵਿਚ ਕਾਫੀ ਮਹੱਤਵਪੂਰਨ ਹੈ। ਭਾਰਤੀ ਰਾਜਾਂ ਵਿੱਚ ਖੇਤਰੀ ਦਲਾਂ ਦੀ ਭੂਮਿਕਾ ਬੜੀ ਤੇਜ਼ੀ ਨਾਲ ਬਦਲ ਰਹੀ ਹੈ। ਅਜਿਹੇ ਰਾਜਨੀਤਿਕ ਹਾਲਾਤਾਂ ਵਿੱਚ ਸੂਝ-ਬੂਝ ਤੇ ਦੂਰਦਰਸ਼ੀ ਤੋ ਕੰਮ ਲੈਣ ਵਾਲੇ ਗਵਰਨਰ ਹੀ ਕਾਮਯਾਬ ਹੋ ਸਕਦੇ

ਹਨ।

### 1.1.7 ਸਵੈ-ਅਭਿਆਸ ਲਈ ਪ੍ਰਸ਼ਨ :-

1. ਗਵਰਨਰ ਦੀ ਨਿਯੁਕਤੀ ਕਿਵੇ ਕੀਤੀ ਜਾਂਦੀ ਹੈ ?
2. ਗਵਰਨਰ ਦੇ ਅਹੁਦੇ ਲਈ ਜ਼ਰੂਰੀ ਯੋਗਤਾਵਾਂ ਲਿਖੋ ?
3. ਗਵਰਨਰ ਦੀ ਨਿਯੁਕਤੀ ਸੰਬੰਧੀ ਸਰਕਾਰੀਆਂ ਆਯੋਗ ਦੀਆਂ ਸਿਫਾਰਸ਼ਾਂ ਲਿਖੋ।
4. ਗਵਰਨਰ ਦਾ ਕਾਰਜਕਾਲ ਕੀ ਹੈ ?
5. ਗਵਰਨਰ ਦੇ ਵਿਸ਼ੇਸ਼ ਅਧਿਕਾਰ ਕੀ ਹਨ ?
6. ਗਵਰਨਰ ਦੀਆਂ ਕੋਈ ਚਾਰ ਕਾਰਜਕਾਰੀ ਸ਼ਕਤੀਆਂ ਲਿਖੋ ?
7. ਗਵਰਨਰ ਦੀਆਂ ਕੋਈ ਚਾਰ ਵਿਧਾਨਿਕ ਸ਼ਕਤੀਆਂ ਲਿਖੋ ?
8. ਗਵਰਨਰ ਦੀਆਂ ਵਿੱਤੀ ਸ਼ਕਤੀਆ ਲਿਖੋ ?
9. ਗਵਰਨਰ ਦੀਆਂ ਨਿਆਂਇਕ ਸ਼ਕਤੀਆ ਕਿਹੜੀਆ ਹਨ ?
10. ਗਵਰਨਰ ਦੀ ਬਦਲਦੀ ਭੂਮਿਕਾ ਤੇ ਨੋਟ ਲਿਖੋ।

### 1.1.8 ਸਵੈ-ਅਭਿਆਸ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ :-

**1**. ਸੰਵਿਧਾਨ ਦੇ ਅਨੁਛੇਦ 155 ਅਨੁਸਾਰ, ''ਰਾਜ ਦੇ ਗਵਰਨਰ ਨੂੰ ਰਾਸ਼ਟਰਪਤੀ ਆਪਣੇ ਦਸਤਖਤ ਅਤੇ ਮੁਹਰ ਸਮੇਤ ਅਧਿਪੱਤਰ ਦੁਆਰਾ ਨਿਯੁਕਤ ਕਰਦਾ ਹੈ।'' ਵਿਵਹਾਰ ਵਿਚ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਗਵਰਨਰ ਦੀ ਨਿਯੁਕਤੀ ਕਰਦਾ ਹੈ। ਜ਼ਿਆਦਾਤਰ ਨਿਯੁਕਤੀਆਂ ਰਾਜਨੀਤਿਕ ਆਧਾਰ ਉਤੇ ਕੀਤੀ ਜਾਂਦੀ ਹੈ। ਇਸ ਸੰਬੰਧ ਵਿਚ ਦੋ ਇਕ ਪੰਰਪਰਾਵਾਂ ਸਥਾਪਤ ਹੋ ਚੁੱਕੀਆਂ ਹਨ। ਪਹਿਲਾਂ ਤਾਂ ਉਹ ਵਿਅਕਤੀ ਉਸ ਰਾਜ ਦਾ ਨਿਵਾਸੀ ਨਹੀ ਹੋਣਾ ਚਾਹੀਦਾ ਜਿਥੇ ਉਸਦੀ ਨਿਯੁਕਤੀ ਕੀਤੀ ਜਾਣੀ ਹੋਵੇ। ਦੂਸਰੇ ਨਿਯੁਕਤੀ ਕਰਨ ਤੋਂ ਪਹਿਲਾਂ ਉਸ ਰਾਜ ਦੇ ਮੁੱਖ ਮੰਤਰੀ ਦੀ ਸਲਾਹ ਲਈ ਜਾਂਦੀ ਹੈ। ਉਹ ਵਿਅਕਤੀ ਰਾਜ ਸਰਕਾਰ ਦੀ ਇੱਛਾ ਜਾਣ ਕੇ ਨਿਯੁਕਤ ਕੀਤਾ ਜਾਂਦਾ ਹੈ।

**2**. ਸੰਵਿਧਾਨ ਵਿਚ ਰਾਜਪਾਲ ਦੇ ਅਹੁਦੇ ਲਈ ਗਵਰਨਰ ਦੇ ਅਹੁਦੇ ਲਈ ਹੇਠਾਂ ਲਿਖੀਆਂ ਯੋਗਤਾਵਾਂ ਨਿਰਧਾਰਤ ਕੀਤੀਆ ਗਈਆਂ ਹੋਣ :-

1. ਉਹ ਵਿਅਕਤੀ ਭਾਰਤ ਦਾ ਨਾਗਰਿਕ ਹੋਵੇ।
2. ਉਹ 35 ਸਾਲ ਦੀ ਉਮਰ ਪ੍ਰਾਪਤ ਕਰ ਚੁੱਕਿਆ ਹੋਵੇ।
3. ਉਹ ਸੰਸਦ ਜਾਂ ਰਾਜ ਵਿਧਾਨ ਮੰਡਲ ਦੇ ਕਿਸੇ ਸਦਨ ਦਾ ਮੈਂਬਰ ਨਾ ਹੋਵੇ। ਜੇਕਰ ਕੋਈ ਅਜਿਹਾ ਵਿਅਕਤੀ ਗਵਰਨਰ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਸ ਦਿਨ ਤੋਂ ਉਸ ਸਦਨ ਵਿਚ ਉਸਦੀ ਜਗ੍ਹਾ ਖਾਲੀ ਸਮਝੀ ਜਾਂਦੀ ਹੈ ਜਿਸ ਦਿਨ ਉਹ ਗਵਰਨਰ ਦਾ ਅਹੁਦਾ ਧਾਰਨ ਕਰਦਾ ਹੈ ।

**3.** (1) ਗਵਰਨਰ ਦੀ ਨਿਯੁਕਤੀ ਸਮੇਂ ਸਬੰਧਤ ਰਾਜ ਦੇ ਮੁੱਖ ਮੰਤਰੀ ਨੂੰ ਉਪ-ਰਾਸ਼ਟਰਪਤੀ ਅਤੇ ਲੋਕਸਭਾ ਦੇ ਮੁਖੀ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

(2) ਕੇਂਦਰ ਵਿਚ ਸੱਤ੍ਹਾਧਾਰੀ ਦਲ ਨਾਲ ਸਬੰਧ ਰੱਖਣ ਵਾਲੇ ਸਰਗਰਮ ਰਾਜਨੀਤੀਵਾਨਾਂ ਨੂੰ ਵਿਰੋਧੀ ਰਾਜਾਂ ਦੀਆਂ ਸਰਕਾਰਾਂ ਵਾਲੇ ਰਾਜਾਂ ਵਿਚ ਗਵਰਨਰ ਨਿਯੁਕਤ ਨਹੀ ਕੀਤਾ ਜਾਣਾ ਚਾਹੀਦਾ।

(3) ਗਵਰਨਰ ਸੰਬੰਧਤ ਰਾਜ ਤੋਂ ਬਾਹਰ ਦਾ ਵਿਅਕਤੀ ਹੋਣਾ ਚਾਹੀਦਾ ਹੈ।

(4) ਗਵਰਨਰ ਨੂੰ ਕਾਰਜਕਾਲ ਪੂਰਾ ਹੋਣ ਤੋ ਪਹਿਲਾਂ ਆਪਣੇ ਅਹੁਦੇ ਤੋ ਵੱਖ ਨਹੀ ਕੀਤਾ ਜਾਣਾ ਚਾਹੀਦਾ ਹੈ।

4. ਸੰਵਿਧਾਨ ਅਨੁਸਾਰ ਗਵਰਨਰ ਰਾਸ਼ਟਰਪਤੀ ਦੀ ਪ੍ਰਸੰਨਤਾ ਤਕ ਆਪਣੇ ਅਹੁਦੇ ਉਤੇ ਰਹਿ ਸਕਦਾ ਹੈ। ਉਹ ਆਪਣੇ ਅਹੁਦੇ ਉਤੇ ਅਹੁਦਾ ਹਾਸਲ ਕਰਨ ਤੋ ਪੰਜ ਸਾਲ ਦੀ ਮਿਆਦ ਤਕ ਰਹਿ ਸਕਦਾ ਹੈ। ਉਹ ਆਪਣੇ ਅਹੁਦੇ ਦੀ ਮਿਆਦ ਖਤਮ ਹੋ ਜਾਣ ਤੇ ਨਵੇਂ ਗਵਰਨਰ ਦੇ ਅਹੁਦਾ ਸੰਭਾਲਨ ਤਕ ਆਪਣੇ ਉਤੇ ਕੰਮ ਕਰਦਾ ਰਹਿੰਦਾ ਹੈ। ਉਹ ਨਿਸ਼ਚਿਤ ਮਿਆਦ ਤੋ ਪਹਿਲਾਂ ਵੀ ਰਾਸ਼ਟਰਪਤੀ ਨੂੰ ਸੰਬੋਧਿਤ ਕਰਕੇ ਆਪਣਾ ਤਿਆਗ

ਪੱਤਰ ਦੇ ਸਕਦਾ ਹੈ। ਰਾਸ਼ਟਰਪਤੀ ਉਸ ਨੂੰ ਨਿਸ਼ਚਿਤ ਮਿਆਦ ਤੋ ਪਹਿਲਾਂ ਵੀ ਵਾਪਸ ਬੁਲਾ ਸਕਦਾ ਹੈ।

(1) ਗਵਰਨਰ ਆਪਣੀਆਂ ਸ਼ਕਤੀਆਂ ਦੇ ਪ੍ਰਯੋਗ ਲਈ ਕਿਸੇ ਵੀ ਅਦਾਲਤ ਪ੍ਰਤੀ ਜਿੰਮੇਵਾਰ ਨਹੀ ਹੈ।

(2) ਗਵਰਨਰ ਦੇ ਕਾਰਜਕਾਲ ਦੌਰਾਨ ਉਸ ਉਪਰ ਫੌਜਦਾਰੀ ਮੁੱਕਦਮਾ ਨਹੀਂ ਚਲਾਇਆ ਜਾ ਸਕਦਾ ਹੈ।

(3) ਗਵਰਨਰ ਉਤੇ ਦੀਵਾਨੀ ਮੁੱਕਦਮਾ ਚਲਾਉਣ ਲਈ ਉਸਨੂੰ ਦੋ ਮਹੀਨੇ ਦਾ ਨੋਟਿਸ ਦੇਣਾ ਪਵੇਗਾ।

(4) ਗਵਰਨਰ ਦੇ ਕਾਰਜਕਾਰਲ ਦੌਰਾਨ ਉਸ ਨੂੰ ਕੈਦ ਨਹੀ ਕੀਤਾ ਜਾ ਸਕਦਾ।

6. (1) ਸੰਵਿਧਾਨ ਦੇ ਅਨੁਸਾਰ ਰਾਵਰਨਰ ਦੀਆਂ ਕਾਰਜਕਾਰੀ ਸ਼ਕਤੀਆਂ ਉਨ੍ਹਾਂ ਵਿਸ਼ਿਆਂ ਤੇ ਲਾਗੂ ਹੁੰਦੀਆਂ ਹਨ ਜਿਹਨਾਂ ਦੇ ਸਬੰਧ ਵਿਚ ਰਾਜ ਵਿਧਾਨ ਮੰਡਲ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੈ।

(2) ਰਾਰਵਨਰ ਰਾਜ ਦੇ ਮੁੱਖ ਮੰਤਰੀ ਦੀ ਨਿਯੁਕਤੀ ਕਰਦਾ ਹੈ ਅਤੇ ਉਸ ਦੀ ਸਲਾਹ ਨਾਲ ਹੋਰ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ। ਸਭ ਮੰਤਰੀ ਰਾਵਰਨਰ ਦੀ ਪ੍ਰਸੰਨਤਾ ਤੱਕ ਆਪਣੇ ਅਹੁਦੇ ਤੇ ਰਹਿੰਦੇ ਹਨ।

(3) ਉਹ ਮੰਤਰੀਆਂ ਵਿਚ ਵਿਭਾਗਾਂ ਦੀ ਵੰਡ ਕਰਦਾ ਹੈ ਅਤੇ ਰਾਜ ਦੇ ਸ਼ਾਸਨ ਨੂੰ ਕੁਸ਼ਲਤਾ ਪੂਰਵਕ ਚਲਾਉਣ ਲਈ ਨਿਯਮ ਬਣਾ ਸਕਦਾ ਹੈ, ਪਰੰਤੂ ਇਹ ਕੰਮ ਵੀ ਉਹ ਮੁੱਖ ਮੰਤਰੀ ਦੀ ਸਲਾਹ ਨਾਲ ਕਰਦਾ ਹੈ।

(4) ਰਾਸ਼ਟਰਪਤੀ ਰਾਜ ਦੀ ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਕਰਨ ਵੇਲੇ ਉਸ ਰਾਜ ਦੇ ਗਵਰਨਰ ਤੋ ਸਲਾਹ ਲੈਂਦਾ ਹੈ।

7. (1) ਰਾਵਰਨਰ ਰਾਜ ਦੇ ਵਿਧਾਨ ਮੰਡਲ ਦਾ ਇਜਲਾਸ ਬੁਲਾਉਂਦਾਂ ਹੈ ਅਤੇ ਉਸਨੂੰ ਵਿਸਤਰਿਤ ਕਰ ਸਕਦਾ ਹੈ।

(2) ਉਹ ਆਮ ਚੋਣਾਂ ਮਗਰੋਂ ਬੁਲਾਏ ਗਏ ਵਿਧਾਨ ਮੰਡਲ ਦੇ ਪਹਿਲੇ ਇਜਲਾਸ ਵਿਚ ਅਤੇ ਹਰ ਸਾਲ ਵਿਧਾਨ ਮੰਡਲ ਦੇ ਪਹਿਲੇ ਇਜਲਾਸ ਦੇ ਆਰੰਭ ਵਿਚ ਆਪਣਾ ਭਾਸ਼ਨ ਦਿੰਦਾ ਹੈ ਜਿਸ ਵਿਚ ਉਹ ਸਰਕਾਰ ਦੀਆ ਨੀਤੀਆਂ ਅਤੇ ਕੰਮਾਂ ਦਾ ਵਰਣਨ ਕਰਦਾ ਹੈ।

(3) ਉਹ ਰਾਜ ਵਿਧਾਨ ਮੰਡਲ ਵਿਚ ਵਿਚਾਰ ਕੀਤੇ ਜਾ ਰਹੇ ਬਿਲਾਂ ਦੇ ਸਬੰਧ ਵਿਚ ਜਾਂ ਕਿਸੇ ਹੋਰ ਵਿਸ਼ੇ ਦੇ ਬਾਰੇ ਵਿਧਾਨ ਮੰਡਲ ਨੂੰ ਸੰਦੇਸ਼ ਭੇਜ ਸਕਦਾ ਹੈ। ਰਾਜ ਵਿਧਾਨ ਮੰਡਲ ਨੂੰ ਉਨ੍ਹਾਂ ਸੰਦੇਸ਼ਾਂ ਤੇ ਜ਼ਰੂਰ ਵਿਚਾਰ ਕਰਨਾ ਪੈਂਦਾ ਹੈ।

(4) ਰਾਜ ਵਿਧਾਨ ਮੰਡਲ ਰਾਹੀ ਪਾਸ ਕੀਤੇ ਰਾਏ ਸਭ ਬਿਲ ਰਾਰਵਨਰ ਦੀ ਮਨਜੂਰੀ ਲਈ ਭੇਜੇ ਜਾਂਦੇ ਹਨ ਅਤੇ ਉਹ ਤਦ ਤਕ ਕਾਨੂੰਨ ਦਾ ਰੂਪ ਧਾਰਨ ਨਹੀ ਕਰ ਸਕਦੇ ਜਦ ਤਕ ਉਹ ਓਨਾਂ ਤੇ ਆਪਣੇ ਦਸਤਖਤ ਨਹੀ ਕਰ ਦਿੰਦਾ।

8(1). ਰਾਵਰਨਰ ਹਰ ਵਿੱਤੀ ਸਾਲ ਦੇ ਆਰੰਭ ਵਿਚ ਰਾਜ ਵਿਧਾਨ ਮੰਡਲ ਦੇ ਸਾਹਮਣੇ ਰਾਜ ਦਾ ਬੱਜਟ ਪੇਸ਼ ਕਰਵਾਉਂਦਾ ਹੈ।

(2) ਕੋਈ ਵੀ ਧਨ ਬਿਲ ਜਾ ਖਰਚੇ ਦੀ ਮੰਗ ਰਾਵਰਨਰ ਦੀ ਅਰੋਤਰੀ ਆਗਿਆ ਦੇ ਬਿਨਾਂ ਰਾਜ ਵਿਧਾਨ ਮੰਡਲ ਵਿਚ ਪੇ ਸ਼ ਨਹੀ ਕੀਤੀ ਜਾ ਸਕਦੀ।

(3) ਗਵਰਨਰ ਦਾ ਰਾਜ ਦੇ ਅਚੇਤ ਫੰਡ ਤੇ ਕੰਟਰੋਲ ਹੁੰਦਾ ਹੈ।

9. (1) ਗਵਰਨਰ ਰਾਜ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਦੋਸ਼ੀਆਂ ਦੀ ਸਜ਼ਾ ਮਾਫ ਕਰ ਸਕਦਾ ਹੈ, ਘੱਟ ਕਰ ਸਕਦਾ ਹੈ ਜਾਂ ਸਥਗਿਤ ਕਰ ਸਕਦਾ ਹੈ।

(2) ਰਾਸ਼ਟਰਪਤੀ ਉਸ ਰਾਜ ਦੀ ਉੱਚ ਅਦਾਲਤ ਦੇ ਜੱਜਾਂ ਦੀ ਨਿਯੁਕਤੀ ਕਰਨ ਵੇਲੇ ਗਵਰਨਰ ਨਾਲ ਸਲਾਹ ਕਰਦਾ ਹੈ।

(3) ਗਵਰਨਰ ਉੱਚ ਅਦਾਲਤ ਦੀ ਸਲਾਹ ਨਾਲ ਜਿਲ੍ਹਾ ਜੱਜ ਅਤੇ ਨਿਆਂਇਕ ਅਧਿਕਾਰਿਆਂ ਦੀ ਨਿਯੁਕਤੀ ਅਤੇ ਅਹੁਦੇ ਦੀ ਤਰੱਕੀ ਕਰਦਾ ਹੈ।

10. ਅੱਜ ਕਲ ਮਿਲੀਆਂ-ਜੁਲੀਆਂ ਸਰਕਾਰਾਂ ਭਾਰਤ ਵਿੱਚ ਕੇਂਦਰ ਤੇ ਰਾਜਾਂ ਦੋਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਅਜਿਹੀ ਸਥਿਤੀ ਵਿੱਚ ਗਵਰਨਰ ਦੀ ਭੂਮਿਕਾ ਕਾਫੀ ਬਦਲ ਗਈ ਹੈ। ਗਵਰਨਰ ਵਧੇਰੇ ਕੇਂਦਰ ਦੇ ਪ੍ਰਤੀਨਿਧ ਦੇ ਰੂਪ ਵਿੱਚ ਕੰਮ ਕਰਦੇ ਹਨ। ਸੰਵਿਧਾਨਿਕ ਮਸ਼ੀਨਰੀ ਦੇ ਅਸਫਲ ਹੋਣ ਦੀ ਰਿਪੋਰਟ ਦੇਣਾ, ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲਣ ਤੇ ਸਰਕਾਰ ਬਣਾਉਣ ਦਾ ਸੱਦਾ ਦੇਣਾ ਅਤੇ ਵਿਸ਼ੇਸ਼ ਪ੍ਰਸਥਿਤੀਆਂ ਜਿਵੇਂ ਕਿ ਸਰਕਾਰ ਨੂੰ ਭੰਗ ਕਰਨ ਦੀਆਂ ਸਥਿਤੀਆਂ ਵਿੱਚ ਗਵਰਨਰ ਅਕਸਰ ਰਾਜਨੀਤੀਕ ਭੂਮਿਕਾ ਅਦਾ ਕਰ ਜਾਂਦੇ ਹਨ। ਕਈ ਵਾਰ ਕੇਂਦਰ ਵਿੱਚ ਸਰਕਾਰ ਬਦਲ ਜਾਣ ਤੇ ਗਵਰਨਰਾਂ ਨੂੰ ਅਹੁਦੇ ਤੋਂ ਬਰਖ਼ਾਸਤ ਵੀ ਕਰ ਦਿੱਤਾ ਜਾਂਦਾ ਹੈ। ਇਸ ਲਈ ਅੱਜ ਕਲ ਰਾਜਨੀਤਿਕ ਅਸਥਿਰਤਾ ਦੇ ਦੌਰ ਵਿੱਚ ਗਵਰਨਰ ਦੀ ਸੰਸਥਾ ਰਾਜਾਂ ਦੀ ਸੰਵਿਧਾਨਿਕ ਵਿਵਸਥਾ ਵਿੱਚ ਵਿਵਾਦ ਦਾ ਵਿਸ਼ਾ ਬਣ ਗਈ ਹੈ। ਉਨ੍ਹਾਂ ਦਾ ਸੂਝ ਬੂਝ ਤੋਂ ਕੰਮ ਲੈ ਕੇ ਨਿਰਪੱਖ ਭੂਮਿਕਾ ਨਿਭਾਉਣਾ ਸਮੇਂ ਦੀ ਲੋੜ ਹੈ।

ਪਾਠ ਨੰ : 1.2 ਲੇਖਕ : ਪ੍ਰੋਫੈਸਰ ਇੰਦਰਜੀਤ ਸਿੰਘ ਸੇਠੀ

## ਰਾਜ ਵਿਧਾਨ ਪਾਲਿਕਾ : ਰਚਨਾ, ਸ਼ਕਤੀਆਂ, ਕਾਰਜ ਅਤੇ ਸਥਿਤੀ
## (State Legislative-Composition, Powers, Functions and Position)

**ਪਾਠ ਦੀ ਰੂਪ ਰੇਖਾ**


1.2.1 ਪਾਠ ਦਾ ਉਦੇਸ਼
1.2.2 ਜਾਣ ਪਛਾਣ
1.2.3 ਵਿਧਾਨ ਸਭਾ
1.2.3.1 ਰਚਨਾ
1.2.3.2 ਮੈਂਬਰਾਂ ਦੀਆਂ ਯੋਗਤਾਵਾਂ
1.2.3.3 ਕਾਰਜਕਾਲ ਅਤੇ ਹੋਰ ਵਿਵਸਥਾਵਾਂ
1.2.4 ਵਿਧਾਨ ਸਭਾ ਦੀਆਂ ਸ਼ਕਤੀਆਂ ਅਤੇ ਕੰਮ
1.2.4.1 ਵਿਧਾਨਕ ਸ਼ਕਤੀਆਂ
1.2.4.2 ਵਿੱਤੀ ਸ਼ਕਤੀਆਂ
1.2.4.3 ਕਾਰਜਕਾਰੀ ਸ਼ਕਤੀਆਂ
1.2.4.4 ਚੋਣ ਸੰਬਧੀ ਸ਼ਕਤੀਆਂ
1.2.4.5 ਸੰਵਿਧਾਨਕ ਸ਼ਕਤੀਆਂ
1.2.4.6 ਫੁਟਕਲ ਸ਼ਕਤੀਆਂ
1.2.5 ਵਿਧਾਨ ਪਰਿਸ਼ਦ
1.2.5.1 ਰਚਨਾ
1.2.5.2 ਮੈਂਬਰਾਂ ਦੀਆਂ ਯੋਗਤਾਵਾਂ
1.2.5.3 ਕਾਰਜਕਾਲ ਅਤੇ ਹੋਰ ਵਿਵਸਥਾਵਾਂ
1.2.6 ਵਿਧਾਨ ਪਰਿਸ਼ਦ ਦੀਆਂ ਸ਼ਕਤੀਆਂ ਅਤੇ ਕੰਮ
1.2.6.1 ਵਿਧਾਨਕ ਸ਼ਕਤੀਆਂ
1.2.6.2 ਵਿੱਤੀ ਸ਼ਕਤੀਆਂ
1.2.6.3 ਕਾਰਜਪਾਲਿਕਾ ਉਤੇ ਨਿਯੰਤਰਣ
1.2.6.4 ਫੁਟਕਲ ਸ਼ਕਤੀਆਂ
1.2.7 ਸਵੈ-ਪਰਖ ਅਭਿਆਸ


**1.2.1 ਪਾਠ ਦਾ ਉਦੇਸ਼ :-** ਪਿਆਰੇ ਵਿਦਿਆਰਥੀਓ ਇਸ ਪਾਠ ਵਿੱਚ ਅਸੀਂ ਰਾਜ ਦੀ ਵਿਧਾਨ ਪਾਲਿਕਾ ਬਾਰੇ ਪੜ੍ਹਾਂਗੇ। ਇਸ ਪਾਠ ਨੂੰ ਪੜਨ ਉਪਰੰਤ ਤੁਸੀਂ ਇਹ ਜਾਣ ਸਕੋਗੇ ਕਿ ਭਾਰਤ ਵਿੱਚ ਰਾਜਾਂ ਦੀ ਵਿਧਾਨ ਪਾਲਿਕਾ ਇਕ ਸਦਨੀ ਜਾਂ ਦੋ ਸਦਨੀ ਹੋ ਸਕਦੀ ਹੈ। ਤੁਸੀਂ ਵਿਧਾਨ ਪਾਲਿਕਾ ਦੇ ਹੇਠਲੇ ਸਦਨ ਵਿਧਾਨ ਸਭਾ ਬਾਰੇ ਪੂਰੀ ਜਾਣਕਾਰੀ ਹਾਸਿਲ ਕਰੋਗੇ ਅਤੇ ਉਪਰਲੇ ਸਦਨ ਵਿਧਾਨ ਪਰਿਸ਼ਦ ਬਾਰੇ ਵੀ ਦੋਹਾਂ ਸਦਨਾਂ ਦੀਆਂ ਸ਼ਕਤੀਆਂ, ਉਹਨਾਂ ਦੇ ਆਪਸੀ ਸੰਬੰਧ ਅਤੇ ਉਹਨਾਂ ਦੀ ਭੁਲਨਾਤਮਕ ਭੂਮਿਕਾ ਬਾਰੇ

ਵੀ ਤੁਹਾਨੂੰ ਪਤਾ ਲਗੇਗਾ।

### 1.2.2 ਜਾਣ-ਪਛਾਣ (Introduction)

ਭਾਰਤ ਵਿੱਚ ਸੰਘਾਤਮਕ ਪ੍ਰਣਾਲੀ ਅਪਣਾਈ ਗਈ ਹੈ ਜਿਸ ਅਧੀਨ ਕੇਂਦਰ ਸਰਕਾਰ ਤੋਂ ਇਲਾਵਾ ਰਾਜ ਸਰਕਾਰਾਂ ਦੀ ਵਿਵਸਥਾ ਵੀ ਕੀਤੀ ਗਈ ਹੈ। ਭਾਰਤ ਵਿਚ ਇਕ ਕੇਂਦਰ ਸਰਕਾਰ ਤੇ 29 ਰਾਜ ਸਰਕਾਰਾਂ ਹਨ। ਸੰਵਿਧਾਨ ਦੇ ਅਨੁਛੇਦ 168 ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ, "ਹਰੇਕ ਰਾਜ ਦਾ ਇਕ ਵਿਧਾਨ ਮੰਡਲ ਹੋਵੇਗਾ।" ਪਰੰਤੂ ਭਾਰਤ ਦੇ ਸੰਘ ਦੇ ਸਾਰੇ ਰਾਜਾਂ ਵਿਚ ਵਿਧਾਨ ਮੰਡਲ ਦਾ ਸੰਗਠਨ ਇਕੋ ਜਿਹਾ ਨਹੀਂ ਹੈ। ਕੁਝ ਰਾਜਾਂ ਜਿਹਾ ਕਿ ਬਿਹਾਰ, ਮਹਾਰਾਸ਼ਟਰ, ਕਰਨਾਟਕ, ਉੱਤਰ ਪ੍ਰਦੇਸ਼ ਅਤੇ ਜੰਮੂ ਤੇ ਕਸ਼ਮੀਰ ਵਿਚ ਵਿਧਾਨ ਮੰਡਲ ਦੋ ਸਦਨੀ ਹੈ। ਜਿਹਨਾਂ ਰਾਜਾਂ ਵਿਚ ਦੋ ਸਦਨੀ ਵਿਧਾਨ ਮੰਡਲ ਹੈ ਉਥੇ ਹੇਠਲੇ ਸਦਨ ਨੂੰ ਵਿਧਾਨ ਸਭਾ (Legislative Assembly) ਅਤੇ ਉਪਰਲੇ ਸਦਨ ਵਿਧਾਨ-ਪਰਿਸ਼ਦ (Legislative Council) ਕਿਹਾ ਜਾਂਦਾ ਹੈ। ਇਸ ਤਰ੍ਹਾਂ ਵਿਧਾਨ ਮੰਡਲ ਵਿਚ ਰਾਜਪਾਲ ਅਤੇ ਵਿਧਾਨ ਮੰਡਲ ਦਾ ਇਕ ਜਾਂ ਦੋ ਸਦਨ ਸ਼ਾਮਿਲ ਹੁੰਦੇ ਹਨ। ਪੰਜਾਬ ਵਿਚ ਇਸ ਵੇਲੇ ਇਕ ਹੀ ਸਦਨ ਅਰਥਾਤ ਵਿਧਾਨ ਸਭਾ ਹੀ ਕੰਮ ਕਰ ਰਿਹਾ ਹੈ, ਜਦ ਕਿ 7 ਅਪ੍ਰੈਲ 1993 ਨੂੰ ਪੰਜਾਬ ਵਿਧਾਨ ਸਭਾ ਨੇ ਪੰਜਾਬ ਵਿਚ ਮੁੜ ਵਿਧਾਨ ਪਰਿਸ਼ਦ ਕਾਇਮ ਕਰਨ ਲਈ ਪ੍ਰਸਤਾਵ ਪਾਸ ਕੀਤਾ ਸੀ, ਪਰੰਤੂ ਅਜਿਹੇ ਪ੍ਰਸਤਾਵ ਨੂੰ ਅਜੇ ਤੱਕ ਸੰਸਦ ਵਲੋਂ ਪ੍ਰਵਾਨਗੀ ਨਹੀ ਮਿਲੀ। ਭਾਰਤ ਵਿਚ ਸਾਰੇ ਰਾਜਾਂ ਵਿਚ ਰਾਜ ਵਿਧਾਨ ਮੰਡਲ ਦੀ ਰਚਨਾ ਅਤੇ ਕਾਰਜਾਂ ਸੰਬੰਧੀ ਇਕੋ ਜਿਹੀ ਪ੍ਰਣਾਲੀ ਨੂੰ ਅਪਣਾਇਆ ਗਿਆ ਹੈ।

### 1.2.3 ਵਿਧਾਨ ਸਭਾ (Legislative Assembly)

**1.2.3.1 ਰਚਨਾ (Composition) :-** ਵਿਧਾਨ ਸਭਾ ਰਾਜ ਵਿਧਾਨ ਮੰਡਲ ਦਾ ਲੋਕਪ੍ਰਿਯ ਸਦਨ ਹੁੰਦਾ ਹੈ। ਸੰਵਿਧਾਨ ਅਨੁਸਾਰ ਕਿਸੇ ਰਾਜ ਦੀ ਵਿਧਾਨ ਸਭਾ ਦੇ ਵੱਧ ਤੋਂ ਵੱਧ ਚੁਣੇ ਹੋਏ ਮੈਂਬਰ 500 ਅਤੇ ਘੱਟ ਤੋਂ ਘੱਟ 60 ਮੈਂਬਰ ਹੋ ਸਕਦੇ ਹਨ। ਇਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਰਾਜ ਦੇ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਰਾਜ ਦੀ ਆਬਾਦੀ ਦੇ ਆਧਾਰ 'ਤੇ ਨਿਸ਼ਚਿਤ ਕੀਤੀ ਜਾਂਦੀ ਹੈ। ਵਰਤਮਾਨ ਸਮੇਂ ਪੰਜਾਬ ਰਾਜ ਦੀ ਵਿਧਾਨ ਸਭਾ ਦੇ ਕੁੱਲ ਮੈਂਬਰ 117, ਹਰਿਆਣਾ ਦੇ 90, ਹਿਮਾਚਲ ਪ੍ਰਦੇਸ਼ ਦੇ 68, ਆਂਧਰਾ ਪ੍ਰਦੇਸ਼ ਦੇ 294 ਤੇ ਉੱਤਰ ਪ੍ਰਦੇਸ਼ ਦੇ 430 ਹਨ ਜਿਹਨਾਂ ਦੀ ਗਿਣਤੀ ਸਾਰੇ ਰਾਜਾਂ ਨਾਲੋਂ ਜ਼ਿਆਦਾ ਹੈ। ਪਰ ਕੁਝ ਛੋਟੇ ਰਾਜਾਂ ਦੀ ਸਥਾਪਨਾ ਤੋਂ ਬਾਅਦ ਘੱਟੋਂ ਘੱਟ ਗਿਣਤੀ ਵਾਲੀ ਸ਼ਰਤ ਉਹਨਾਂ ਰਾਜਾਂ ਉੱਤੇ ਲਾਗੂ ਨਹੀਂ ਹੁੰਦੀ ਜਿਵੇਂ ਕਿ ਸੰਵਿਧਾਨ ਨੇ ਸਿੱਕਮ, ਅਰੁਨਾਚਲ ਪ੍ਰਦੇਸ਼ ਤੇ ਗੋਆ ਲਈ 30, ਮਿਜ਼ੋਰਾਮ ਲਈ 40 ਮੈਂਬਰਾਂ ਦੀ ਵਿਵਸਥਾ ਕੀਤੀ ਹੈ। ਇਸ ਵੇਲੇ ਸਿੱਕਮ ਵਿਧਾਨ ਸਭਾ ਦੇ 32 ਮੈਂਬਰ ਹਨ ਜੋ ਕਿ ਭਾਰਤ ਦਾ ਸਭ ਤੋਂ ਛੋਟਾ ਵਿਧਾਨ ਮੰਡਲ ਹੈ।

**ਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ**

**(Election of the Members of Legislative Assembly)**

ਰਾਜ ਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਪ੍ਰਤੱਖ ਚੋਣ, ਬਾਲਗ ਵੋਟ ਅਧਿਕਾਰ ਪ੍ਰਣਾਲੀ ਰਾਹੀਂ ਗੁਪਤ ਮਤਦਾਨ ਦੁਆਰਾ ਕੀਤੀ ਜਾਂਦੀ ਹੈ। ਹਰ ਨਾਗਰਿਕ ਜਿਸ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ, ਬਿਨਾਂ ਕਿਸੇ ਜਾਤ, ਰੰਗ, ਨਸਲ ਜਨਮ ਜਾਂ ਧਰਮ ਦੇ ਭੇਦ-ਭਾਵ ਤੋਂ ਸਿੱਧੇ ਤੌਰ ਤੇ ਗੁਪਤ ਮਤਦਾਨ ਰਾਹੀਂ ਆਪਣੇ ਪ੍ਰਤੀਨਿਧੀ ਚੁਣਦਾ ਹੈ।

**ਚੋਣ ਖੇਤਰਾਂ ਵਿਚ ਵੰਡ (Division of Constituencies)**

ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਰਾਜ ਦੀ ਜਨਮਸੰਖਿਆ ਦੇ ਆਧਾਰ ਤੇ ਨਿਸ਼ਚਿਤ ਕੀਤੀ ਜਾਂਦੀ ਹੈ, ਹਰੇਕ ਰਾਜ ਨੂੰ ਚੋਣ ਖੇਤਰਾਂ ਵਿਚ ਇਸ ਤਰ੍ਹਾਂ ਵੰਡਿਆ ਜਾਂਦਾ ਹੈ ਕਿ ਚੋਣ ਖੇਤਰ ਦੀ ਵਸੋਂ ਅਤੇ ਉਥੋਂ ਚੁਣੇ ਜਾਣ ਵਾਲੇ ਪ੍ਰਤੀਨਿਧਾਂ ਦੀ ਗਿਣਤੀ ਦੂਸਰੇ ਹਰੇਕ ਚੋਣ ਖੇਤਰ ਦੀ ਵਸੋ ਅਤੇ ਉਥੋਂ ਚੁਣੇ ਜਾਣ ਵਾਲੇ ਪ੍ਰਤੀਨਿਧਾਂ ਦੀ ਗਿਣਤੀ ਦੇ ਬਰਾਬਰ ਹੋਵੇ। ਸੀਟਾਂ ਦੀ ਵੰਡ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਹਰ 75000 ਦੀ ਵਸੋਂ ਪਿੱਛੇ ਇੱਕ ਤੋਂ ਵੱਧ ਮੈਂਬਰ ਨਹੀਂ ਹੁੰਦਾ। ਇਸ ਮੰਤਵ ਲਈ ਵਸੋਂ ਦੇ ਉਹ ਅੰਕੜੇ ਲਏ ਜਾਂਦੇ ਹਨ ਜੋ ਪਿਛਲੀ ਜਨਗਣਨਾ (Census) ਵਿਚ ਪ੍ਰਕਾਸ਼ਿਤ ਕੀਤੇ ਗਏ ਹਨ। ਪਰ 42ਵੀਂ ਸੰਵਿਧਾਨਕ

ਸੋਧ ਅਧੀਨ ਇਹ ਵਿਵਸਥਾ ਕੀਤੀ ਗਈ ਹੈ ਕਿ ਸੰਨ 2000 ਤੋਂ ਮਗਰੋਂ ਹੋਣ ਵਾਲੀ ਪਹਿਲੀ ਜਨਗਣਨਾ ਤਕ ਰਾਜ ਵਿਧਾਨ ਸਭਾ ਦੇ ਸੰਸਥਾਨਾਂ ਦੀ ਗਿਣਤੀ ਨਿਸ਼ਚਿਤ ਕਰਨ ਲਈ ਵਸੋਂ ਦੇ ਅੰਕੜੇ ਉਹੋ ਹੀ ਹੋਣਗੇ ਜੋ 1971 ਦੀ ਜਨਗਣਨਾ ਅਧੀਨ ਪ੍ਰਕਾਸ਼ਿਤ ਹੋ ਚੁੱਕੇ ਹਨ। ਪਰ 2001 ਵਿਚ ਕੀਤੇ 84ਵੇਂ ਸੰਸ਼ੋਧਨ ਰਾਹੀਂ ਇਸ ਸੰਸਥਾਵਾਂ ਨੂੰ 2026 ਤਕ ਜਾਰੀ ਰੱਖਣ ਲਈ ਕਿਹਾ ਗਿਆ ਹੈ।

**ਰਾਖਵਾਂਕਰਨ (Reservation)**

ਵੈਸੇ ਤਾਂ ਸੰਯੁਕਤ ਚੋਣ ਪ੍ਰਣਾਲੀ ਨੂੰ ਅਪਨਾਇਆ ਗਿਆ ਹੈ ਜਿਸ ਅਧੀਨ ਮੈਂਬਰਾਂ ਦੀ ਚੋਣ ਫਿਰਕਿਆਂ ਦੇ ਆਧਾਰ ਤੇ ਨਹੀਂ ਹੁੰਦੀ, ਸਗੋਂ ਸਮੁੱਚੀ ਜਨਤਾ ਆਪਣੇ ਸਾਂਝੇ ਪ੍ਰਤੀਨਿਧੀ ਚੁਣਦੀ ਹੈ। ਕਿਸੇ ਜਾਤ ਜਾਂ ਫਿਰਕੇ ਨੂੰ ਵਿਸ਼ੇਸ਼ ਅਧੀਕਾਰ ਜਾਂ ਰਿਆਇਤਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ ਹਨ। ਪਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ ਕੁਝ ਸੀਟਾਂ ਰਾਖਵੀਆਂ ਰਖੀਆਂ ਗਈਆਂ ਹਨ। ਰਾਖਵੀਆਂ ਰਖੀਆਂ ਗਈਆਂ ਸੀਟਾਂ, ਰਾਜ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਹੁੰਦੀਆਂ ਹਨ। ਜਿਹੜੇ ਚੋਣ ਖੇਤਰ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਹਨ, ਉਹਨਾਂ ਚੋਣ ਖੇਤਰਾਂ ਤੋਂ ਕੇਵਲ ਅਨੁਸੂਚਿਤ ਜਾਤੀਆਂ ਦੇ ਲੋਕ ਹੀ ਚੋਣ ਲੜ ਸਕਦੇ ਹਨ, ਪਰ ਉਹਨਾਂ ਦੀ ਚੋਣ ਕਰਨ ਵਿਚ ਸੰਬੰਧਿਤ ਚੋਣ ਖੇਤਰ ਦੇ ਸਾਰੇ ਮਤਦਾਤਾ ਹਿੱਸਾ ਲੈਂਦੇ ਹਨ।

ਜੇਕਰ ਰਾਜ ਦੇ ਰਾਜਪਾਲ ਦੀ ਰਾਏ ਵਿਚ ਐਂਗਲੋ-ਇੰਡੀਅਨ ਸਮੁਦਾਇ ਨੂੰ ਆਮ ਚੋਣਾਂ ਵਿਚ ਉੱਚਿਤ ਪ੍ਰਤੀਨਿਧਤਾ ਪ੍ਰਾਪਤ ਨਾ ਹੋਈ ਹੋਵੇ ਤਾਂ ਉਹ ਉਸ ਜਾਤੀ ਨੂੰ ਪ੍ਰਤੀਨਿਧਤਾ ਦੇਣ ਲਈ ਉਹਨਾਂ ਵਿਚੋਂ ਇਕ ਮੈਂਬਰ ਵਿਧਾਨ ਸਭਾ ਵਿਚ ਨਾਮਜ਼ਦ ਕਰ ਸਕਦਾ ਹੈ। ਐਂਗਲੋ ਇੰਡੀਅਨ ਜਾਤੀ ਦਾ ਇਹ ਮੈਂਬਰ ਰਾਜ ਵਿਧਾਨ ਸਭਾ ਲਈ ਨਿਸ਼ਚਿਤ ਕੀਤੇ ਕੁਲ ਸਥਾਨਾਂ ਤੋਂ ਵੱਖਰਾ ਹੁੰਦਾ ਹੈ।

**1.2.3.2 ਮੈਂਬਰਾਂ ਦੀਆਂ ਯੋਗਤਾਵਾਂ (Qualification of the Members)**

ਵਿਧਾਨ ਸਭਾ ਦੇ ਮੈਂਬਰਾਂ ਲਈ ਹੇਠ ਲਿਖੀਆਂ ਯੋਗਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ :

1. ਉਹ ਭਾਰਤ ਦਾ ਨਾਗਰਿਕ ਹੋਵੇ।
2. ਉਸ ਦੀ ਉਮਰ 25 ਸਾਲਾਂ ਤੋਂ ਘੱਟ ਨਾ ਹੋਵੇ।
3. ਉਹ ਭਾਰਤ ਸਰਕਾਰ ਜਾਂ ਰਾਜ ਸਰਕਾਰ ਦੀ ਕਿਸੇ ਲਾਭਦਾਇਕ ਪਦਵੀ ਤੇ ਬਿਰਾਜਮਾਨ ਨਾ ਹੋਵੇ।
4. ਉਹ ਕਿਸੇ ਅਦਾਲਤ ਵਲੋਂ ਪਾਗਲ ਜਾਂ ਦੀਵਾਲੀਆ ਘੋਸ਼ਿਤ ਨਾ ਕੀਤਾ ਗਿਆ ਹੋਵੇ।
5. ਉਹ ਚੋਣ ਕਮਿਸ਼ਨ ਜਾਂ ਉਸ ਵਲੋਂ ਸਥਾਪਿਤ ਕੀਤੇ ਕਿਸੇ ਅਧਿਕਾਰੀ ਸਾਹਮਣੇ ਆਪਣੇ ਨਾਗਰਿਕ ਚੋਣ ਅਤੇ ਸੰਵਿਧਾਨ ਪ੍ਰਤੀ ਵਫਾਦਾਰ ਰਹਿਣ ਦੀ ਸਹੁੰ ਚੁੱਕੇ।
6. ਉਹ ਸੰਸਦ ਵਲੋਂ ਬਣਾਏ ਕਿਸੇ ਕਾਨੂੰਨ ਅਨੁਸਾਰ ਯੋਗ ਨਾ ਹੋਵੇ।
7. ਕੋਈ ਵੀ ਵਿਅਕਤੀ ਇਕ ਹੀ ਸਮੇਂ ਵਿਧਾਨ ਮੰਡਲ ਦੇ ਦੋਹਾਂ ਸਦਨਾਂ ਦਾ ਮੈਂਬਰ ਨਹੀਂ ਬਣ ਸਕਦਾ ਅਤੇ ਨਾ ਹੀ ਇਕ ਤੋਂ ਵੱਧ ਰਾਜ ਵਿਧਾਨ ਮੰਡਲਾਂ ਦਾ ਮੈਂਬਰ ਬਣ ਸਕਦਾ ਹੈ।
8. ਚੋਣ ਮਗਰੋਂ ਕੋਈ ਵੀ ਮੈਂਬਰ ਸਦਨ ਦੀ ਆਗਿਆ ਤੋਂ ਬਿਨਾਂ 60 ਦਿਨ ਲਗਾਤਾਰ ਸਦਨ ਦੀਆਂ ਬੈਠਕਾਂ ਵਿੱਚ ਗੈਰ-ਹਾਜ਼ਰ ਨਹੀਂ ਰਹਿ ਸਕਦਾ ਅਜਿਹਾ ਕਰਨ 'ਤੇ ਉਸਦੀ ਸੀਟ ਨੂੰ ਵਿਧਾਨ ਸਭਾ ਦੁਆਰਾ ਖਾਲੀ ਘੋਸ਼ਿਤ ਕੀਤਾ ਜਾ ਸਕਦਾ ਹੈ।

ਜੇਕਰ ਵਿਧਾਨ ਸਭਾ ਦਾ ਕੋਈ ਮੈਂਬਰ ਉਪਰੋਕਤ ਯੋਗਤਾਵਾਂ ਵਿਚੋਂ ਕਿਸੇ ਇਕ ਦੇ ਆਧਾਰ ਤੇ ਵੀ ਅਯੋਗ ਸਿੱਧ ਹੋ ਜਾਵੇ ਤਾਂ ਇਸ ਸੰਬੰਧੀ ਫੈਸਲਾ ਰਾਜਪਾਲ ਕਰਦਾ ਹੈ ਅਤੇ ਉਸਦਾ ਨਿਰਣਾ ਅੰਤਿਮ ਹੁੰਦਾ ਹੈ। ਰਾਜਪਾਲ ਅਜਿਹਾ ਫੈਸਲਾ ਚੋਣ ਕਮਿਸ਼ਨ ਦੀ ਸਲਾਹ ਨਾਲ ਕਰਦਾ ਹੈ।

15 ਦਸੰਬਰ, 1988 ਨੂੰ ਸੰਸਦ ਵਿਚ ਇਕ ਤਰਮੀਮੀ ਕਾਨੂੰਨ ਪਾਸ ਕੀਤਾ ਗਿਆ ਸੀ, ਜਿਸ ਅਨੁਸਾਰ ਜਿਹੜੇ ਵਿਅਕਤੀਆਂ ਨੂੰ ਹੇਠ ਲਿਖੇ ਅਪਰਾਧਾਂ ਕਰਕੇ ਅਦਾਲਤਾਂ ਵਲੋਂ ਦੰਡਿਤ ਕੀਤਾ ਜਾਵੇਗਾ ਉਹ ਵਿਅਕਤੀ 6 ਸਾਲਾਂ ਲਈ ਚੋਣ ਨਹੀਂ ਲੜ ਸਕਣਗੇ।

1. ਧਰਮ, ਨਸਲ, ਜਨਮ-ਸਥਾਨ, ਭਾਸ਼ਾ ਆਦਿ ਦੇ ਆਧਾਰ 'ਤੇ ਵੱਖ-ਵੱਖ ਫਿਰਕਿਆਂ ਦੇ ਲੋਕਾਂ ਵਿਚ ਵਿਰੋਧਤਾ ਪੈਦਾ ਕਰਨਾ।
2. ਬਲਾਤਕਾਰ

3. ਪਤੀ ਦੇ ਰਿਸ਼ਤੇਦਾਰਾਂ ਜਾਂ ਪਤੀ ਦੁਆਰਾ ਇਸਤਰੀ ਉੱਤੇ ਜ਼ੁਲਮ ਕਰਨਾ।
4. ਛੂਤ-ਛਾਤ ਦਾ ਪ੍ਰਚਾਰ ਜਾਂ ਉਸ ਉੱਤੇ ਅਮਲ ਕਰਨਾ।
5. ਮਿਲਾਵਟ ਜਾਂ ਜਖੀਰਾਬਾਜੀ ਕਰਨਾ।
6. ਸਤੀ ਵਿਰੋਧੀ ਕਾਨੂੰਨ ਦੀ ਉਲੰਘਣਾ ਅਤੇ ਦਹੇਜ ਵਿਰੋਧੀ ਕਾਨੂੰਨ ਦੀ ਉਲੰਘਣਾ।

**1.2.3.3 ਕਾਰਜਕਾਲ (Tenure)**

ਵਿਧਾਨ ਸਭਾ ਦਾ ਕਾਰਜਕਾਲ ਪੰਜ ਸਾਲ ਹੈ। ਇਸ ਨਿਸ਼ਚਿਤ ਸਮੇਂ ਤੋਂ ਪਹਿਲਾਂ ਵੀ ਰਾਜਪਾਲ ਮੰਤਰੀ-ਪਰਿਸ਼ਦ ਦੀ ਸਲਾਹ ਨਾਲ ਇਸ ਨੂੰ ਭੰਗ ਕਰ ਕੇ ਨਵੀਆਂ ਚੋਣਾਂ ਕਰਵਾ ਸਕਦਾ ਹੈ। ਇਸ ਤੋਂ ਇਲਾਵਾ ਰਾਜਪਾਲ ਸੰਵਿਧਾਨ ਦੇ ਅਨੁਛੇਦ 356 ਅਧੀਨ ਵਿਧਾਨ ਸਭਾ ਨੂੰ ਭੰਗ ਕਰਵਾ ਕੇ ਰਾਸ਼ਟਰਪਤੀ ਰਾਜ ਲਾਗੂ ਕਰਵਾ ਸਕਦਾ ਹੈ।

ਸੰਕਟਕਾਲ ਦੇ ਦੌਰਾਨ ਸੰਘੀ ਸੰਸਦ, ਕਾਨੂੰਨ ਦੁਆਰਾ ਕਿਸੇ ਰਾਜ ਵਿਧਾਨ ਸਭਾ ਦੀ ਮਿਆਦ ਇਕ ਸਮੇਂ ਵੱਧ ਤੋਂ ਵੱਧ ਇਕ ਸਾਲ ਲਈ ਵਧਾ ਸਕਦੀ ਹੈ। ਅਜਿਹੀ ਮਿਆਦ ਉਸ ਵੇਲੇ ਵਧਾਈ ਜਾ ਸਕਦੀ ਹੈ ਜਦੋਂ ਅਨੁਛੇਦ 352 ਅਧੀਨ ਯੁੱਧ, ਬਾਹਰੀ ਹਮਲੇ ਜਾਂ ਹਥਿਆਰਬੰਦ ਵਿਦਰੋਹ ਕਾਰਨ ਸੰਕਟਕਾਲੀ ਘੋਸ਼ਣਾ ਲਾਗੂ ਹੋਵੇ। ਇਸ ਤਰ੍ਹਾਂ ਵਧਾਈ ਗਈ ਮਿਆਦ ਸੰਕਟਕਾਲ ਦੀ ਸਮਾਪਤੀ ਮਗਰੋਂ ਕੇਵਲ ਛੇ ਮਹੀਨੇ ਤੱਕ ਲਾਗੂ ਰਹਿ ਸਕਦੀ ਹੈ।

**ਤਨਖਾਹ ਅਤੇ ਭੱਤੇ (Salary and Allowances)**

ਸੰਵਿਧਾਨ ਦੇ ਅਨੁਛੇਦ 195 ਅਨੁਸਾਰ ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਨੂੰ ਰਾਜ ਵਿਧਾਨ ਮੰਡਲ ਦੁਆਰਾ ਨਿਸ਼ਚਿਤ ਕੀਤਾ ਜਾਂਦਾ ਹੈ, ਇਸ ਕਰਕੇ ਸਾਰੀਆਂ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਦੇ ਤਨਖਾਹ ਅਤੇ ਭੱਤੇ ਇਕੋ ਜਿਹੇ ਨਹੀਂ ਹਨ। ਤਨਖਾਹ ਅਤੇ ਭੱਤਿਆਂ ਤੋਂ ਇਲਾਵਾ ਵਿਧਾਨ ਸਭਾ ਦੇ ਮੈਂਬਰਾਂ ਨੂੰ ਰਿਟਾਇਰ ਹੋਣ ਤੋਂ ਬਾਅਦ ਮਹੀਨਾਵਾਰ ਪੈਨਸ਼ਨ ਦੇਣ ਦੀ ਵੀ ਵਿਵਸਥਾ ਹੈ ਅਤੇ ਇਸ ਤੋਂ ਇਲਾਵਾ ਉਹਨਾਂ ਨੂੰ ਮੁਫ਼ਤ ਨਿਵਾਸ ਸਥਾਨ, ਡਾਕਟਰੀ ਸਹਾਇਤਾ, ਟੈਲੀਫੂਨ, ਸਹੂਲਤਾਂ, ਆਵਾਜਾਈ ਸੰਬੰਧੀ ਸਹੂਲਤਾਂ ਅਤੇ ਸਮਾਗਮ ਦੇ ਦਿਨਾਂ ਵਿਚ ਰੋਜ਼ਾਨਾ ਭੱਤਾ ਵੀ ਮਿਲਦਾ ਹੈ।

**ਸਮਾਗਮ (Session)**

ਰਾਜ ਦਾ ਰਾਜਪਾਲ ਜਦੋਂ ਅਤੇ ਜਿੱਥੇ ਯੋਗ ਸਮਝੇ ਰਾਜ ਵਿਧਾਨਪਾਲਿਕਾ ਦਾ ਸਮਾਗਮ ਬੁਲਾ ਸਕਦਾ ਹੈ। ਪਰ ਸੰਵਿਧਾਨ ਦੁਆਰਾ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਦੇ ਰਾਜਪਾਲ ਨੂੰ ਇਕ ਸਾਲ ਵਿਚ ਘੱਟੋ ਘੱਟ ਦੋ ਵਾਰ ਰਾਜ ਵਿਧਾਨ ਸਭਾ ਦਾ ਸਮਾਗਮ ਬੁਲਾਉਣਾ ਜ਼ਰੂਰੀ ਹੈ। ਪਿਛਲੇ ਸਮਾਗਮ ਦੀ ਆਖਰੀ ਤਾਰੀਖ ਅਤੇ ਆਉਣ ਵਾਲੇ ਸਮਾਗਮ ਦੀ ਪਹਿਲੀ ਤਾਰੀਖ ਵਿਚਕਾਰ ਛੇ ਮਹੀਨੇ ਤੋਂ ਵੱਧ ਸਮਾਂ ਨਹੀਂ ਬੀਤਿਆ ਹੋਣਾ ਚਾਹੀਦਾ। ਰਾਜਪਾਲ ਵਿਧਾਨ ਮੰਡਲ ਦੇ ਦੋਨਾਂ ਸਦਨਾਂ ਦਾ ਸਾਂਝਾ ਸਮਾਗਮ ਵੀ ਬੁਲਾ ਸਕਦਾ ਹੈ। ਉਹ ਵਿਧਾਨ ਮੰਡਲ ਦੇ ਦੋਨਾਂ ਸਦਨਾਂ ਨੂੰ ਸਥਗਿਤ ਵੀ ਕਰ ਸਕਦਾ ਹੈ ਜਾਂ ਵਿਧਾਨ ਸਭਾ ਨੂੰ ਭੰਗ ਵੀ ਕਰ ਸਕਦਾ ਹੈ।

**ਕੋਰਮ (Quorum)**

ਸੰਵਿਧਾਨ ਦੇ ਅਨੁਛੇਦ 189 (3) ਅਧੀਨ ਰਾਜ ਵਿਧਾਨ ਸਭਾ ਦਾ ਕੋਰਮ ਸੰਬੰਧਿਤ ਰਾਜ ਵਿਧਾਨ ਸਭਾ ਦੇ ਮੈਂਬਰਾਂ ਦੀ ਕੁੱਲ ਗਿਣਤੀ ਦਾ 1/10 ਭਾਗ ਨਿਸ਼ਚਿਤ ਕੀਤਾ ਗਿਆ ਹੈ। ਪਰ ਕਿਸੇ ਵਿਧਾਨ ਸਭਾ ਦਾ ਕੋਰਸ 10 ਮੈਂਬਰਾਂ ਤੋਂ ਘੱਟ ਨਹੀਂ ਹੋ ਸਕਦਾ। ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀਆਂ ਰਾਜ ਵਿਧਾਨ ਸਭਾਵਾਂ ਦਾ ਕੋਰਮ 10 ਮੈਂਬਰ ਹੈ ਜਦ ਕਿ ਪੰਜਾਬ ਵਿਧਾਨ ਸਭਾ ਦਾ 12 ਮੈਂਬਰ ਹੈ।

**ਵਿਧਾਨ ਸਭਾ ਦੇ ਅਧਿਕਾਰੀ-ਸਪੀਕਰ ਅਤੇ ਡਿਪਟੀ ਸਪੀਕਰ (Officer of the State Legilslative Assembly-Speaker and Deputy Speaker)**

ਵਿਧਾਨ ਸਭਾ ਦੇ ਮੈਂਬਰ ਆਪਣੇ ਵਿਚੋਂ ਇਕ ਮੈਂਬਰ ਨੂੰ ਸਪੀਕਰ ਅਤੇ ਕਿਸੇ ਦੂਜੇ ਮੈਂਬਰ ਨੂੰ ਡਿਪਟੀ ਸਪੀਕਰ ਦੀ ਪਦਵੀ ਲਈ ਚੁਣਦੇ ਹਨ। ਰਾਜ ਵਿਧਾਨ ਸਭਾ ਦਾ ਸਪੀਕਰ ਉਹ ਸਾਰੇ ਕੰਮ ਕਰਦਾ ਹੈ ਜੋ ਲੋਕ

ਸਭਾ ਦੇ ਸਪੀਕਰ ਨੂੰ ਕਰਨੇ ਪੈਂਦੇ ਹਨ। ਸਪੀਕਰ ਦੀ ਗੈਰ-ਹਾਜ਼ਰੀ ਵਿਚ ਡਿਪਟੀ ਸਪੀਕਰ ਨੂੰ ਸਪੀਕਰ ਦੇ ਅਹੁਦੇ ਉੱਤੇ ਨਿਯੁਕਤ ਕੀਤਾ ਜਾਂਦਾ ਹੈ ਅਤੇ ਉਹ ਸਪੀਕਰ ਵਾਲੇ ਸਾਰੇ ਕਾਰਜ ਨਿਭਾਉਂਦਾ ਹੈ। ਰਾਜ ਵਿਧਾਨ ਸਭਾ ਦੇ ਸਪੀਕਰ ਦੀ ਪਦਵੀ ਹੇਠ ਲਿਖੇ ਕਾਰਨਾਂ ਕਰਕੇ ਖਾਲੀ ਹੋ ਸਕਦੀ ਹੈ।

(ੳ) ਜੇਕਰ ਸਪੀਕਰ ਵਿਧਾਨ ਸਭਾ ਦਾ ਮੈਂਬਰ ਨਾ ਹੋਵੇ।

(ਅ) ਜੇਕਰ ਸਪੀਕਰ ਆਪਣੇ ਆਪ ਤਿਆਗ-ਪੱਤਰ ਦੇ ਦੇਵੇ।

(ੲ) ਵਿਧਾਨ ਸਭਾ ਦੇ ਮੈਂਬਰ ਆਪਣੇ ਵਰਤਮਾਨ ਮੈਂਬਰਾਂ ਦੀ ਗਿਣਤੀ ਦੇ ਬਹੁਮਤ ਨਾਲ ਪ੍ਰਸਤਾਵ ਪਾਸ ਕਰਕੇ ਸਪੀਕਰ ਜਾਂ ਡਿਪਟੀ ਸਪੀਕਰ ਨੂੰ ਪਦਵੀ ਤੋਂ ਹਟਾ ਸਕਦੇ ਹਨ। ਇਸ ਮੰਤਵ ਲਈ ਜ਼ਰੂਰੀ ਹੈ ਕਿ ਪ੍ਰਸਤਾਵ ਪੇਸ਼ ਕਰਨ ਤੋਂ ਘੱਟ ਤੋਂ ਘੱਟ 14 ਦਿਨ ਪਹਿਲਾਂ ਇਸ ਦੀ ਸੂਚਨਾ ਦਿੱਤੀ ਜਾਵੇ। ਜਦੋਂ ਸਪੀਕਰ ਵਿਰੁੱਧ ਪ੍ਰਸਤਾਵ ਉੱਤੇ ਬਹਿਸ ਹੋ ਰਹੀ ਹੋਵੇ ਤਾਂ ਉਹ ਸਦਨ ਦੀ ਬੈਠਕ ਦੀ ਪ੍ਰਧਾਨਗੀ ਨਹੀਂ ਕਰਦਾ। ਉਸ ਦੀ ਥਾਂ ਡਿਪਟੀ ਸਪੀਕਰ ਸਦਨ ਦੀ ਬੈਠਕ ਦੀ ਪ੍ਰਧਾਨਗੀ ਕਰਦਾ ਹੈ ਪਰੰਤੂ ਸਪੀਕਰ ਨੂੰ ਆਪਣੇ ਵਿਰੁੱਧ ਹੋ ਰਹੀ ਬਹਿਸ ਵਿਚ ਹਿੱਸਾ ਲੈਣ ਅਤੇ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੈ।

**ਵਿਧਾਨ ਸਭਾ ਦੀਆਂ ਸ਼ਕਤੀਆਂ ਅਤੇ ਕੰਮ (Powers and Functions of Legislative Assembly)**

ਰਾਜ ਵਿਧਾਨ ਸਭਾ ਦੀਆਂ ਸ਼ਕਤੀਆਂ ਕੰਮ ਨਿਮਨ ਅਨੁਸਾਰ ਹਨ :

**ਵਿਧਾਇਕ ਸ਼ਕਤੀਆਂ (Legislative Powers)**

ਰਾਜ ਵਿਧਾਨ ਸਭਾ ਉਹਨਾਂ ਸਾਰੇ ਵਿਸ਼ਿਆਂ ਉੱਤੇ ਕਾਨੂੰਨ ਦਾ ਨਿਰਮਾਣ ਕਰ ਸਕਦੀ ਹੈ ਜਿਹੜੇ ਵਿਸ਼ੇ ਰਾਜ ਸੂਚੀ ਅਤੇ ਸਮਵਰਤੀ ਸੂਚੀ ਵਿਚ ਦਰਜ ਹਨ। ਇਹ ਗੱਲ ਵਰਣਨਯੋਗ ਹੈ ਕਿ ਸਮਵਰਤੀ ਸੂਚੀ ਵਿਚ ਦਰਸਾਏ ਵਿਸ਼ਿਆਂ ਉੱਤੇ ਕੇਂਦਰੀ ਸੰਸਦ ਵੀ ਕਾਨੂੰਨ ਬਣਾ ਸਕਦੀ ਹੈ, ਪਰੰਤੂ ਜੇਕਰ ਰਾਜ ਵਿਧਾਨਪਾਲਿਕਾ ਦੁਆਰਾ ਬਣਾਇਆ ਗਿਆ ਕਾਨੂੰਨ ਕੇਂਦਰੀ ਸੰਸਦ ਵੱਲੋਂ ਬਣਾਏ ਕਾਨੂੰਨ ਦੀ ਵਿਰੋਧਤਾ ਕਰਦਾ ਹੈ ਤਾਂ ਰਾਜ ਵਿਧਾਨਪਾਲਿਕਾ ਦਾ ਕਾਨੂੰਨ ਉਸ ਹੱਦ ਤੱਕ ਰੱਦ ਸਮਝਿਆ ਜਾਵੇਗਾ ਜਿਸ ਹੱਦ ਤੱਕ ਉਹ ਕੇਂਦਰੀ ਕਾਨੂੰਨ ਦੀ ਵਿਰੋਧਤਾ ਕਰਦਾ ਹੈ।

**ਵਿਧਾਨ ਸਭਾ ਦੀ ਵਿਧਾਇਕ ਸ਼ਕਤੀ ਦੀ ਮੁਅੱਤਲੀ (Suspension of the Legislative Powers of the Legislative Assembly)**

ਸੰਵਿਧਾਨ ਵਿਚ ਰਾਜ ਸੂਚੀ ਵਿਚ ਅੰਤਿਮ ਵਿਸ਼ਿਆਂ ਸੰਬੰਧੀ ਵੀ ਰਾਜ ਵਿਧਾਨ ਸਭਾ ਦੇ ਅਖਤਿਆਰਾਂ ਉੱਤੇ ਕੁਝ ਬੰਦਸ਼ਾਂ ਲਗਾਈਆਂ ਹਨ। ਰਾਜ ਵਿਧਾਨ ਸਭਾ ਦੀ ਵਿਧਾਇਕ ਸ਼ਕਤੀ ਹੇਠ ਲਿਖੀਆਂ ਸਥਿਤੀਆਂ ਵਿਚ ਮੁਅੱਲਤ ਕੀਤੀ ਜਾ ਸਕਦੀ ਹੈ :

1. ਜੇਕਰ ਰਾਜ ਸਭਾ ਆਪਣੇ ਹਾਜ਼ਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਰਾਜ ਸੂਚੀ ਵਿਚ ਅੰਕਿਤ ਕਿਸੇ ਸੰਬੰਧੀ ਇਹ ਪ੍ਰਸਤਾਵ ਪਾਸ ਕਰ ਦੇਵੇ ਕਿ ਰਾਸ਼ਟਰੀ ਹਿੱਤਾਂ ਲਈ ਉਸ ਵਿਸ਼ੇ ਉੱਤੇ ਕਾਨੂੰਨ ਬਣਾਉਣਾ ਜ਼ਰੂਰੀ ਹੈ ਤਾਂ ਕੇਂਦਰੀ ਸੰਸਦ ਉਸ ਵਿਸ਼ੇ ਉੱਤੇ ਕਾਨੂੰਨ ਬਣਾ ਸਕਦੀ ਹੈ।
2. ਕੁਝ ਬਿਲਾਂ ਨੂੰ ਰਾਜ ਵਿਧਾਨਪਾਲਿਕਾ ਵਿਚ ਪੇਸ਼ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ।
3. ਜੇਕਰ ਕਿਸੇ ਰਾਜ ਵਿਚ ਸੰਵਿਧਾਨਿਕ ਮਸ਼ੀਨਰੀ ਫੇਲ ਹੋ ਜਾਣ ਕਾਰਨ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇ ਤਾਂ ਰਾਸ਼ਟਰਪਤੀ ਦੇ ਆਦੇਸ਼ ਰਾਹੀਂ ਰਾਜ ਸੂਚੀ ਵਿਚ ਦਰਜ ਵਿਸ਼ਿਆਂ ਤੇ ਕਾਨੂੰਨ ਬਣਾਉਣ ਦੀ ਸ਼ਕਤੀ ਸੰਸਦ ਨੂੰ ਦਿੱਤੀ ਜਾ ਸਕਦੀ ਹੈ।
4. ਜੇਕਰ ਬਾਹਰਲੇ ਹਮਲੇ ਜਾਂ ਹਥਿਆਬੰਦ ਵਿਦਰੋਹ ਕਾਰਨ ਦੇਸ਼ ਵਿਚ ਸੰਕਟਕਾਲ ਦਾ ਐਲਾਨ ਕਰ ਦਿੱਤਾ ਜਾਵੇ ਤਾਂ ਰਾਜ ਵਿਧਾਨਪਾਲਿਕਾ ਦੀਆਂ ਸ਼ਕਤੀਆਂ ਰਾਸ਼ਟਰਪਤੀ ਦੁਆਰਾ ਕੇਂਦਰੀ ਸੰਸਦ ਨੂੰ ਸੌਂਪੀਆਂ ਜਾ ਸਕਦੀਆਂ ਹਨ।
5. ਜੇਕਰ ਕੋਈ ਰਾਜ ਕੇਂਦਰੀ ਸੰਸਦ ਨੂੰ ਰਾਜ ਸੂਚੀ ਵਿਚ ਦਰਜ ਵਿਸ਼ਿਆਂ ਉੱਤੇ ਕਾਨੂੰਨ ਬਣਾਉਣ ਲਈ ਬੇਨਤੀ ਕਰੇ ਤਾਂ ਸੰਸਦ ਸੰਬੰਧਿਤ ਰਾਜ ਲਈ ਉਹਨਾਂ ਵਿਸ਼ਿਆਂ ਉੱਤੇ ਕਾਨੂੰਨ ਬਣਾ ਸਕਦੀ ਹੈ।

**ਜਿਥੇ ਵਿਧਾਨ ਪਰਿਸ਼ਦ ਦੀ ਵਿਵਸਥਾ ਹੋਵੇ (Where there is a Legislative Council)**

ਜਿਹੜੇ ਰਾਜਾਂ ਵਿਚ ਵਿਧਾਨ ਮੰਡਲ ਦਾ ਦੂਜਾ ਸਦਨ ਵਿਧਾਨ ਪਰਿਸ਼ਦ ਹੈ, ਉਥੇ ਰਾਜ ਵਿਧਾਨ ਸਭਾ

ਵਿਚੋਂ ਪਾਸ ਹੋਣ ਮਗਰੋਂ ਬਿਲ ਵਿਧਾਨ ਪਰਿਸ਼ਦ ਨੂੰ ਭੇਜਿਆ ਜਾਂਦਾ ਹੈ। ਜੇਕਰ ਵਿਧਾਨ ਪਰਿਸ਼ਦ ਬਿਲ ਉੱਤੇ ਤਿੰਨ ਮਹੀਨੇ ਤਕ ਕੋਈ ਕਾਰਵਾਈ ਨਾ ਕਰੇ ਜਾਂ ਬਿਲ ਨੂੰ ਰੱਦ ਕਰ ਦੇਵੇ ਜਾ ਬਿਲ ਵਿਚ ਅਜਿਹੀਆਂ ਸੋਧਾਂ ਕਰ ਦੇਵੇ ਜੋ ਵਿਧਾਨ ਸਭਾ ਨੂੰ ਪ੍ਰਵਾਨ ਨਾ ਹੋਣ ਤਾਂ ਅਜਿਹੇ ਬਿਲ ਨੂੰ ਰਾਜ ਵਿਧਾਨ ਸਭਾ ਦੁਬਾਰਾ ਪਾਸ ਕਰ ਸਕਦੀ ਹੈ। ਦੋਬਾਰਾ ਪਾਸ ਕੀਤੇ ਬਿਲ ਨੂੰ ਫਿਰ ਵਿਧਾਨ ਪ੍ਰੀਸ਼ਦ ਕੋਲ ਭੇਜਿਆ ਜਾਂਦਾ ਹੈ। ਜੇਕਰ ਵਿਧਾਨ ਪਰਿਸ਼ਦ ਇਸ ਬਿਲ ਉੱਤੇ ਇਕ ਮਹੀਨੇ ਤਕ ਕੋਈ ਕਾਰਵਾਈ ਨਹੀਂ ਕਰਦੀ ਜਾਂ ਰੱਦ ਕਰ ਦਿੰਦੀ ਹੈ ਜਾਂ ਅਜਿਹੀਆਂ ਸੋਧਾਂ ਕਰ ਦਿੰਦੀ ਹੈ ਜੋ ਵਿਧਾਨ ਸਭਾ ਨੂੰ ਪ੍ਰਵਾਨ ਨਾ ਹੋਣ ਤਾਂ ਅਜਿਹਾ ਬਿਲ ਰਾਜ ਵਿਧਾਨਪਾਲਿਕਾ ਦੇ ਦੋਨਾਂ ਸਦਨਾਂ ਵਲੋਂ ਉਸੇ ਰੂਪ ਵਿਚ ਪਾਸ ਸਮਝਿਆ ਜਾਵੇਗਾ ਜਿਸ ਰੂਪ ਵਿਚ ਵਿਧਾਨ ਸਭਾ ਰਾਹੀਂ ਉਸ ਨੂੰ ਪਾਸ ਕੀਤਾ ਗਿਆ ਸੀ।

ਇਸ ਤਰ੍ਹਾਂ ਪਾਸ ਹੋਏ ਬਿਲ ਨੂੰ ਰਾਜਪਾਲ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਰਾਜਪਾਲ ਬਿਲ ਨੂੰ ਪ੍ਰਵਾਨ ਕਰ ਸਕਦਾ ਹੈ ਜਾਂ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਰਾਖਵਾਂ ਰੱਖ ਸਕਦਾ ਹੈ ਤਾਂ ਉਸ ਨੂੰ ਸੰਦੇਸ਼ ਸਹਿਤ ਵਿਧਾਨਪਾਲਿਕਾ ਨੂੰ ਵਾਪਸ ਭੇਜ ਸਕਦਾ ਹੈ। ਜੇਕਰ ਵਿਧਾਨਪਾਲਿਕਾ ਰਾਜਪਾਲ ਵੱਲੋਂ ਰੱਦ ਕੀਤੇ ਬਿਲ ਨੂੰ ਦੋਬਾਰਾ ਪਾਸ ਕਰ ਦਿੰਦੀ ਹੈ ਤਾਂ ਦੋਬਾਰਾ ਪਾਸ ਕੀਤੇ ਬਿੱਲ ਨੂੰ ਰਾਜਪਾਲ ਰੱਦ ਨਹੀਂ ਕਰ ਸਕਦਾ। ਰਾਜਪਾਲ ਦੀ ਪ੍ਰਵਾਨਗੀ ਮਿਲਣ ਉਪਰੰਤ ਬਿੱਲ ਰਾਜ ਦਾ ਕਾਨੂੰਨ ਬਣ ਜਾਂਦਾ ਹੈ।

### 1.2.4.2 ਵਿੱਤੀ ਸ਼ਕਤੀਆਂ (Financial Powers)

ਰਾਜ ਦੇ ਵਿੱਤ ਉੱਤੇ ਰਾਜ ਵਿਧਾਨ ਸਭਾ ਦਾ ਪੂਰਨ ਕੰਟਰੋਲ ਹੁੰਦਾ ਹੈ। ਵਿਧਾਨ ਸਭਾ ਦੀ ਅਗੇਤੀ ਪ੍ਰਵਾਨਗੀ ਤੋਂ ਬਗੈਰ ਰਾਜ ਸਰਕਾਰ, ਰਾਜ ਦੇ ਖਜ਼ਾਨੇ ਵਿਚੋਂ ਇਕ ਵੀ ਪੈਸਾ ਖਰਚ ਨਹੀਂ ਕਰ ਸਕਦੀ ਅਤੇ ਨਾ ਹੀ ਕੋਈ ਟੈਕਸ ਲਗਾ ਸਕਦੀ ਹੈ ਜਾਂ ਟੈਕਸ ਨੂੰ ਘਟਾ ਜਾਂ ਵਧਾ ਸਕਦੀ ਹੈ। ਹਰੇਕ ਵਿੱਤ ਵਰ੍ਹੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਾਜਪਾਲ ਵਿਧਾਨ ਸਭਾ ਵਿਚ ਆਉਣ ਵਾਲੇ ਮਾਲੀ ਸਾਲ ਦੇ ਆਧੁਨਿਕ ਆਮਦਨ ਅਤੇ ਖਰਚ ਦਾ ਵੇਰਵਾ ਪੇਸ਼ ਕਰਵਾਉਂਦਾ ਹੈ। ਧਨ ਬਿਲ ਕੇਵਲ ਵਿਧਾਨ ਸਭਾ ਵਿਚ ਹੀ ਪੇਸ਼ ਕੀਤਾ ਜਾ ਸਕਦੇ ਹਨ। ਧਨ ਬਿੱਲ ਨੂੰ ਪਾਸ ਕਰਨ ਸੰਬੰਧੀ ਵੀ ਵਿਧਾਨ ਪਰਿਸ਼ਦ ਦੀ ਨਿਸਬਤਨ ਵਿਧਾਨ ਸਭਾ ਨੂੰ ਵਧੇਰੇ ਸ਼ਕਤੀਆਂ ਮਿਲੀਆਂ ਹੋਈਆਂ ਹਨ। ਜੇਕਰ ਵਿਧਾਨਪਾਲਿਕਾ ਦੋ ਸਦਨੀ ਹੋਵੇ ਤਾਂ ਵਿਧਾਨ ਸਭਾ ਵਿਚ ਪਾਸ ਹੋਣ ਮਗਰੋਂ ਧਨ ਬਿਲ ਵਿਧਾਨ ਪਰਿਸ਼ਦ ਦੀ ਮਨਜ਼ੂਰੀ ਲਈ ਭੇਜਿਆ ਜਾਂਦਾ ਹੈ। ਜੇਕਰ ਵਿਧਾਨ ਪਰਿਸ਼ਦ ਉਸ ਉੱਤੇ 14 ਦਿਨ ਤੱਕ ਕੋਈ ਕਾਰਵਾਈ ਨਾ ਕਰੇ ਜਾਂ ਉਸ ਨੂੰ ਰੱਦ ਕਰ ਦੇਵੇ ਜਾਂ ਅਜਿਹੇ ਸੁਝਾਅ ਦੇਵੇ ਜਿਹੜੇ ਵਿਧਾਨ ਸਭਾ ਨੂੰ ਪ੍ਰਵਾਨ ਨਾ ਹੋਣ, ਤਾਂ ਅਜਿਹੀ ਸੂਰਤ ਵਿਚ ਧਨ ਬਿਲ ਦੋਂਹਾਂ ਸਦਨਾਂ ਵਲੋਂ ਪਾਸ ਸਮਝਿਆ ਜਾਂਦਾ ਹੈ। ਇਸ ਤੋਂ ਉਪਰੰਤ ਧਨ ਬਿਲ ਰਾਜਪਾਲ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਧਨ ਬਿਲ ਸੰਬੰਧੀ ਰਾਜਪਾਲ ਨੂੰ ਆਪਣਾ ਨਿਸ਼ੇਧ ਅਧਿਕਾਰ (Veto Power) ਦੀ ਵਰਤੋਂ ਕਰਨ ਦਾ ਅਧਿਕਾਰ ਨਹੀਂ ਹੈ।

### 1.2.4.3. ਕਾਰਜਕਾਰੀ ਸ਼ਕਤੀਆਂ (Executive Power)

ਰਾਜਾਂ ਵਿਚ ਵੀ ਸੰਸਦੀ ਸ਼ਾਸਨ ਪ੍ਰਣਾਲੀ ਹੋਣ ਕਰਕੇ ਰਾਜਪਾਲ ਦੀ ਸਲਾਹ ਅਤੇ ਸਹਾਇਤਾ ਲਈ ਮੰਤਰੀ-ਪਰਿਸ਼ਦ ਦੀ ਵਿਵਸਥਾ ਕੀਤੀ ਗਈ ਹੈ ਜੋ ਸਮੂਹਿਕ ਰੂਪ ਵਿਚ ਵਿਧਾਨ ਸਭਾ ਪ੍ਰਤੀ ਉਤਰਦਾਈ ਹੈ। ਮੰਤਰੀ ਪਰਿਸ਼ਦ ਦਾ ਵਿਧਾਨ ਸਭਾ ਪ੍ਰਤੀ ਉੱਤਰਦਾਈ ਹੋਣਾ ਵਿਧਾਨ ਸਭਾ ਦੇ ਕਾਰਜਪਾਲਿਕਾ ਉੱਤੇ ਕੰਟਰੋਲ ਦਾ ਪ੍ਰਤੱਖ ਪ੍ਰਮਾਣ ਹੈ। ਵਿਧਾਨ ਸਭਾ ਦੇ ਮੈਂਬਰ ਹੇਠ ਲਿਖੇ ਤਰੀਕਿਆਂ ਰਾਹੀਂ ਕਾਰਜਪਾਲਿਕਾ ਉੱਤੇ ਕੰਟਰੋਲ ਕਰਦੇ ਹਨ ਜਿਵੇਂ ਕਿ ਪ੍ਰਸ਼ਨ ਪੁੱਛ ਕੇ, ਬਹਿਸ, ਅਵਿਸ਼ਵਾਸ ਦਾ ਪ੍ਰਸਤਾਵ, ਸਥਗਨ ਮਤਾ, ਧਿਆਨ-ਦਿਵਾਊ ਮਤਾ, ਨਿੰਦਾ ਪ੍ਰਸਤਾਵ ਜਾਂ ਸਰਕਾਰੀ ਬਿੱਲ ਰੱਦ ਕਰਕੇ ਆਦਿ।

**ਪ੍ਰਸ਼ਨ** :– ਵਿਧਾਨ ਸਭਾ ਦੇ ਸਮਾਗਮ ਸਮੇਂ ਹਰ ਰੋਜ਼ ਪ੍ਰਸ਼ਨਾਂ ਲਈ ਇਕ ਘੰਟਾ ਨਿਸ਼ਚਿਤ ਕੀਤਾ ਜਾਂਦਾ ਹੈ। ਹਰੇਕ ਮੈਂਬਰ ਨੂੰ ਨਿਯਮਾਂ ਅਨੁਸਾਰ ਅਗੇਤਰੀ ਸੂਚਨਾ ਦੇ ਕੇ ਕਿਸੇ ਮੰਤਰੀ ਕੋਲੋਂ ਉਸ ਦੇ ਵਿਭਾਗਾਂ ਸੰਬੰਧੀ ਪ੍ਰਸ਼ਨ ਪੁੱਛਣ ਦਾ ਅਧਿਕਾਰ ਹੈ।

**ਬਹਿਸ (Debate)** ਰਾਹੀਂ ਵੀ ਵਿਧਾਨ ਸਭਾ ਦੇ ਮੈਂਬਰ ਕਾਰਜਪਾਲਿਕਾ ਦੀਆਂ ਨੀਤੀਆਂ ਅਤੇ ਕੰਮਾਂ ਦੀ ਕਰੜੀ ਆਲੋਚਨਾ ਕਰਦੇ ਹਨ। ਕਿਸੇ ਵਿਸ਼ੇ ਉੱਤੇ ਬਹਿਸ ਮੰਤਰੀ ਪਰਿਸ਼ਦ ਨੂੰ ਹਮੇਸ਼ਾਂ ਚੁਕੰਨਾ ਰਖਦੀ ਹੈ ਕਿਉਂਕਿ ਬਹਿਸ ਅਖਬਾਰਾਂ, ਟੈਲੀਵਿਜ਼ਨ ਆਦਿ ਰਾਹੀਂ ਜਨਤਾ ਤੱਕ ਪਹੁੰਚਦੀ ਹੈ ਜੋ ਕਿ ਮੰਤਰੀਆਂ ਪ੍ਰਤੀ ਆਪਣੇ

ਰੋਸ, ਵਿਰੋਧ ਜਾਂ ਸ਼ਲਾਘਾ ਦਾ ਪ੍ਰਗਟਾਵਾ ਕਰਦੇ ਹਨ।

**ਅਵਿਸ਼ਵਾਸ ਦਾ ਪ੍ਰਸਤਾਵ** (No Confidence Motion) – ਵਿਧਾਨ ਸਭਾ ਸਮੁੱਚੇ ਮੰਤਰੀ ਪਰਿਸ਼ਦ ਵਿਰੁੱਧ ਅਵਿਸ਼ਵਾਸ ਦਾ ਪ੍ਰਸਤਾਵ ਪਾਸ ਕਰਕੇ ਉਸ ਨੂੰ ਤਿਆਗ-ਪੱਤਰ ਦੇਣ ਲਈ ਮਜ਼ਬੂਰ ਕਰ ਸਕਦੀ ਹੈ।

**ਸਥਗਨ ਮਤਾ (Adjournment Motion) :** ਵਿਧਾਨ ਸਭਾ ਦੀ ਬੈਠਕ ਦੇ ਦੌਰਾਨ ਕੋਈ ਵੀ ਮੈਂਬਰ ਕਿਸੇ ਜ਼ਰੂਰੀ ਜਨਤਕ ਮਹਾਨਤਾ ਵਾਲੇ ਵਿਸ਼ੇ ਉੱਤੇ ਬਹਿਸ ਕਰਨ ਲਈ ਸਥਗਨ ਮਤਾ ਪੇਸ਼ ਕਰ ਸਕਦਾ ਹੈ। ਜੇ ਕਰ ਸਪੀਕਰ ਉਸ ਮਤੇ ਨੂੰ ਦਾਖਲ ਕਰ ਲੈਂਦਾ ਹੈ ਤਾਂ ਉਸ ਉੱਤੇ ਸਦਨ ਦੇ ਮੈਂਬਰ ਬਹਿਸ ਕਰਦੇ ਹਨ। ਇਸ ਬਹਿਸ ਦੌਰਾਨ ਮੰਤਰੀਆਂ ਦੀ ਅਕਸਰ ਸਖਤ ਆਲੋਚਨਾ ਕੀਤੀ ਜਾਂਦੀ ਹੈ।

**ਨਿੰਦਾ ਪ੍ਰਸਤਾਵ :** ਜੇਕਰ ਵਿਧਾਨ ਸਭਾ ਕਿਸੇ ਮੰਤਰੀ ਦੇ ਕਿਸੇ ਵਿਸ਼ੇਸ਼ ਕੀਤੇ ਕੰਮ ਦੀ ਨਿੰਦਿਆ ਕਰਨ ਲਈ ਨਿੰਦਾ ਪ੍ਰਸਤਾਵ (Censure Motion) ਪਾਸ ਕਰ ਦੇਵੇ ਤਾਂ ਸਮੁੱਚੀ ਮੰਤਰੀ-ਪਰਿਸ਼ਦ ਨੂੰ ਤਿਆਗ-ਪੱਤਰ ਦੇਣਾ ਪੈਂਦਾ ਹੈ।

**ਧਿਆਨ-ਦਿਵਾਊ ਮਤਾ :** ਜਦੋਂ ਵਿਧਾਨ ਸਭਾ ਦਾ ਇਜਲਾਸ ਚਲ ਰਿਹਾ ਹੋਵੇ ਅਤੇ ਕੋਈ ਮੈਂਬਰ ਸਦਨ ਦਾ ਧਿਆਨ ਕਿਸੇ ਜ਼ਰੂਰੀ ਘਟਨਾ ਵੱਲ ਦਿਵਾਉਣਾ ਚਾਹੁੰਦਾ ਹੋਵੇ ਤਾਂ ਉਹ ਧਿਆਨ-ਦਿਵਾਊ ਮਤਾ ਪੇਸ਼ ਕਰ ਸਕਦਾ ਹੈ।

**ਸਰਕਾਰੀ ਬਿੱਲ ਰੱਦ ਕਰਕੇ :** ਵਿਧਾਨ ਸਭਾ ਸਾਲਾਨਾ ਬਜਟ ਨੂੰ ਰੱਦ ਕਰਕੇ ਜਾਂ ਮੰਤਰੀ-ਮੰਡਲ ਵਲੋਂ ਪੇਸ਼ ਕੀਤੇ ਕਿਸੇ ਮਹੱਤਵਪੂਰਨ ਬਿਲ ਨੂੰ ਰੱਦ ਕਰਕੇ ਜਾਂ ਮੰਤਰੀਆਂ ਦੀ ਤਨਖਾਹ ਅਤੇ ਭੱਤਿਆਂ ਵਿਚ ਕਟੌਤੀ ਦਾ ਮਤਾ ਪਾਸ ਕਰਕੇ, ਮੰਤਰੀ ਮੰਡਲ ਨੂੰ ਪਦ ਤਿਆਗਣ ਲਈ ਮਜ਼ਬੂਰ ਕਰ ਸਕਦੀ ਹੈ।

ਇਸ ਤੋਂ ਇਲਾਵਾ ਇਹ ਪ੍ਰਬੰਧ ਦੇ ਖਾਸ-ਖਾਸ ਮਾਮਲਿਆਂ ਵਿਚ ਜਾਂਚ ਕਰਨ ਲਈ ਜਾਂਚ ਕਮੇਟੀਆਂ ਵੀ ਨਿਯੁਕਤ ਕਰ ਸਕਦੀ ਹੈ।

**1.2.4.4 ਚੋਣ ਸੰਬੰਧੀ ਕੰਮ** (Electoral Functions) :

ਰਾਜ ਵਿਧਾਨ ਸਭਾ ਦੇ ਮੈਂਬਰਾਂ ਨੂੰ ਹੇਠ ਲਿਖੇ ਅਧਿਕਾਰੀਆਂ ਦੀ ਚੋਣ ਕਰਨ ਸੰਬੰਧੀ ਕਾਰਜ ਵੀ ਪ੍ਰਦਾਨ ਕੀਤੇ ਗਏ ਹਨ :

(ੳ) ਰਾਜ ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰ ਰਾਸ਼ਟਰਪਤੀ ਦੀ ਚੋਣ ਵਿੱਚ ਹਿੱਸਾ ਲੈਂਦੇ ਹਨ।

(ਅ) ਰਾਜ ਵਿਧਾਨ ਸਭਾ ਆਪਣੇ ਹੀ ਮੈਂਬਰ ਵਿਚੋਂ ਇਕ ਮੈਂਬਰ ਨੂੰ ਸਪੀਕਰ ਤੇ ਇਕ ਹੋਰ ਮੈਂਬਰ ਨੂੰ ਡਿਪਟੀ ਸਪੀਕਰ ਦੇ ਅਹੁਦੇ ਲਈ ਚੁਣਦੀ ਹੈ।

(ੲ) ਰਾਜ ਵਿਧਾਨ ਪਰਿਸ਼ਦ ਦੇ ਕੁੱਲ ਮੈਂਬਰਾਂ ਦੀ ਇਕ-ਤਿਹਾਈ ਭਾਗ ਨੂੰ ਰਾਜ ਵਿਧਾਨ ਸਭਾ ਦੇ ਮੈਂਬਰ ਚੁਣਦੇ ਹਨ।

(ਸ) ਰਾਜ ਸਭਾ ਵਿਚ ਭੇਜੇ ਜਾਣ ਵਾਲੇ ਕਿਸੇ ਰਾਜ ਦੇ ਮੈਂਬਰ ਸੰਬੰਧਿਤ ਰਾਜ ਵਿਧਾਨ ਸਭਾ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਚੁਣੇ ਜਾਂਦੇ ਹਨ।

**1.2.4.5 ਸੰਵਿਧਾਨਿਕ ਕੰਮ (Constitutional Functions)**

ਵੈਸੇ ਤਾਂ ਰਾਜ ਵਿਧਾਨਪਾਲਿਕਾ ਨੂੰ ਸੰਵਿਧਾਨ ਵਿਚ ਸੋਧ ਕਰਨ ਸੰਬੰਧੀ ਕੋਈ ਵਿਸ਼ੇਸ਼ ਸ਼ਕਤੀ ਪ੍ਰਾਪਤ ਨਹੀਂ ਹੈ। ਇਥੋਂ ਤੱਕ ਕਿ ਰਾਜ ਵਿਧਾਨ ਪਾਲਿਕਾਵਾਂ ਸੰਵਿਧਾਨ ਵਿਚ ਸੋਧ ਕਰਨ ਦਾ ਸੁਝਾਅ ਵੀ ਨਹੀਂ ਦੇ ਸਕਦੀਆਂ। ਸੰਵਿਧਾਨ ਵਿਚ ਸੋਧ ਕਰਨ ਸੰਬੰਧੀ ਸ਼ਕਤੀਆਂ ਕੇਂਦਰ ਸੰਸਦ ਨੂੰ ਹੀ ਪ੍ਰਾਪਤ ਹਨ, ਪਰੰਤੂ ਸੰਵਿਧਾਨ ਦੇ ਕੁਝ ਭਾਗ ਅਜਿਹੇ ਹਨ ਜਿਹਨਾਂ ਵਿਚ ਸੰਸ਼ੋਧਨ ਕਰਨ ਲਈ ਕੁੱਲ ਰਾਜ ਵਿਧਾਨ ਮੰਡਲਾਂ ਵਿਚੋਂ ਘੱਟ ਤੋਂ ਘੱਟ ਅੱਧੇ ਵਿਧਾਨ ਮੰਡਲਾਂ ਦੀ ਪ੍ਰਵਾਨਗੀ ਮਿਲਣੀ ਜ਼ਰੂਰੀ ਹੈ। ਇਸ ਵਿਚ ਸੰਵਿਧਾਨ ਦੇ ਉਹ ਅਨੁਛੇਦ ਆਉਂਦੇ ਹਨ ਜਿਹਨਾਂ ਦਾ ਸੰਬੰਧ ਕੇਂਦਰ ਅਤੇ ਰਾਜ ਦੋਹਾਂ ਨਾਲ ਹੁੰਦਾ ਹੈ। ਉਦਾਹਰਣ ਵਜੋਂ 1991 ਵਿਚ 73ਵਾਂ ਅਤੇ 74 ਵਾਂ ਸੋਧ ਬਿਲ ਉਸ ਵੇਲੇ ਕਾਨੂੰਨ ਬਣਿਆ ਜਦੋਂ ਅੱਧੇ ਰਾਜ ਵਿਧਾਨ ਮੰਡਲਾਂ ਨੇ ਆਪਣੀ ਸਹਿਮਤੀ ਦੇ ਦਿੱਤੀ ਸੀ।

**1.2.4.6 ਫੁਟਕਲ ਕੰਮ (Miscellaneous Functions)**

ਉਪਰੋਕਤ ਕੰਮਾਂ ਤੋਂ ਇਲਾਵਾ ਰਾਜ ਵਿਧਾਨ ਸਭਾ ਨੂੰ ਕਈ ਕਿਸਮ ਦੇ ਫੁਟਕਲ ਕਾਰਜ ਵੀ ਕਰਨੇ ਪੈਂਦੇ ਹਨ ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ :

(ੳ) ਸੰਵਿਧਾਨ ਦੀ ਧਾਰਾ 169 ਅਨੁਸਾਰ ਰਾਜ ਵਿਧਾਨ ਸਭਾ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਅਤੇ ਹਾਜ਼ਰ ਤੇ ਵੋਟ ਦੇਣ ਵਾਲੇ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਮਤਾ ਪਾਸ ਕਰਕੇ ਵਿਧਾਨ ਪਰਿਸ਼ਦ ਦੀ ਸਥਾਪਨਾ ਜਾਂ ਸਮਾਪਤੀ ਲਈ ਕੇਂਦਰੀ ਸੰਸਦ ਨੂੰ ਬੇਨਤੀ ਕਰ ਸਕਦੀ ਹੈ। ਰਾਜ ਵਿਧਾਨ ਸਭਾ ਦੇ ਅਜਿਹੇ ਮਤੇ ਤੋਂ ਬਗੈਰ ਕੇਂਦਰੀ ਸੰਸਦ ਕਿਸੇ ਰਾਜ ਵਿਧਾਨ ਪਰਿਸ਼ਦ ਦੀ ਨਾ ਤਾਂ ਸਥਾਪਨਾ ਕਰ ਸਕਦੀ ਹੈ ਅਤੇ ਨਾ ਹੀ ਸਮਾਪਤੀ।

(ਅ) ਰਾਜ ਦੀ ਵਿਧਾਨ ਸਭਾ, ਸੰਵਿਧਾਨ ਦੇ ਅਨੁਛੇਦ 321 ਅਧੀਨ, ਰਾਜ ਦੇ ਲੋਕ ਸੇਵਾ ਕਮਿਸ਼ਨ ਦੀਆਂ ਸ਼ਕਤੀਆਂ ਵਿਚ ਵਾਧਾ ਕਰ ਸਕਦੀ ਹੈ।

(ੲ) ਵਿਧਾਨ ਸਭਾ ਆਪਣੇ ਅਜਿਹੇ ਮੈਂਬਰਾਂ ਨੂੰ ਜੋ ਸਦਨ ਦੀ ਕਾਰਵਾਈ ਵਿਚ ਰੁਕਾਵਟ ਪਾ ਰਹੇ ਹਨ, ਨੂੰ ਮੁਅੱਤਲ ਵੀ ਕਰ ਸਕਦੀ ਹੈ।

(ਸ) ਰਾਜ ਦੀ ਵਿਧਾਨਪਾਲਿਕਾ ਰਾਜ ਦੀ ਅਚਨਚੇਤ ਨਿਧੀ (Contingency Fund of State) ਸਥਾਪਿਤ ਕਰ ਸਕਦੀ ਹੈ।

(ਹ) ਸਦਨ ਦੀ ਨਿਰਾਦਰੀ ਕਰਨ ਵਾਲੇ ਬਾਹਰਲੇ ਵਿਅਕਤੀਆਂ ਨੂੰ ਵੀ ਵਿਧਾਨ ਸਭਾ ਦੰਡਿਤ ਕਰ ਸਕਦੀ ਹੈ।

**ਸਥਿਤੀ (Position) :**

ਉਪਰੋਕਤ ਵੇਰਵੇ ਤੋਂ ਪਤਾ ਚਲਦਾ ਹੈ ਕਿ ਰਾਜ ਦੇ ਪ੍ਰਸ਼ਾਸਨ ਵਿਚ ਰਾਜ ਵਿਧਾਨ ਸਭਾ ਦਾ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਅਸਲ ਵਿਚ ਰਾਜ ਵਿਧਾਨਪਾਲਿਕਾ ਦੀਆਂ ਸ਼ਕਤੀਆਂ ਰਾਜ ਵਿਧਾਨ ਸਭਾ ਦੀਆਂ ਹੀ ਸ਼ਕਤੀਆਂ ਹਨ। ਜਿਹਨਾਂ ਰਾਜਾਂ ਵਿਚ ਵਿਧਾਨ ਮੰਡਲ ਦੋ ਸਦਨੀ ਹਨ ਉਥੇ ਵੀ ਵਿਧਾਨ ਪਰਿਸ਼ਦ ਦੀਆਂ ਸ਼ਕਤੀਆਂ ਵਿਧਾਨ ਸਭਾ ਦੇ ਮੁਕਾਬਲੇ ਵਿਚ ਮਹੱਤਵਹੀਣ ਹੀ ਹਨ। ਰਾਜ ਦੇ ਵਿੱਤ ਉੱਤੇ ਵਿਧਾਨ ਸਭਾ ਦਾ ਪੂਰਾ ਨਿਯੰਤਰਣ ਹੁੰਦਾ ਹੈ, ਉਸ ਦੀ ਪ੍ਰਵਾਨਗੀ ਤੋਂ ਬਗੈਰ ਨਾ ਤਾਂ ਕਿਸੇ ਕਿਸਮ ਦਾ ਕੋਈ ਖਰਚ ਕੀਤਾ ਜਾ ਸਕਦਾ ਹੈ, ਨਾ ਹੀ ਟੈਕਸ ਲਗਾਏ ਘਟਾਏ ਜਾਂ ਵਧਾਏ ਜਾ ਸਕਦੇ ਹਨ। ਰਾਜ ਦਾ ਮੰਤਰੀ-ਮੰਡਲ ਵੀ ਵਿਧਾਨ ਸਭਾ ਦੇ ਕੰਟਰੋਲ ਵਿਚ ਹੀ ਰਹਿੰਦਾ ਹੈ ਕਿਉਂਕਿ ਮੰਤਰੀ-ਮੰਡਲ ਆਪਣੇ ਕੰਮਾਂ ਅਤੇ ਨੀਤੀਆਂ ਸੰਬੰਧੀ ਰਾਜ ਵਿਧਾਨ ਸਭਾ ਨੂੰ ਉੱਤਰਦਾਈ ਹੁੰਦਾ ਹੈ। ਰਾਜ ਵਿਧਾਨ ਸਭਾ ਅਵਿਸ਼ਵਾਸ ਦਾ ਪ੍ਰਸਤਾਵ ਪਾਸ ਕਰਕੇ ਉਸ ਨੂੰ ਪਦ ਤਿਆਗਣ ਲਈ ਮਜ਼ਬੂਰ ਕਰ ਸਕਦੀ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਵਿਧਾਨ ਸਭਾ ਜਨਤਾ ਦੀ ਇੱਛਾ ਦਾ ਪ੍ਰਤੀਕ ਹੈ ਅਤੇ ਰਾਜ ਦੇ ਪ੍ਰਸ਼ਾਸਨ ਦਾ ਮਹੱਤਵਪੂਰਨ, ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਅੰਗ ਹੈ।

## 1.2.5 ਵਿਧਾਨ ਪਰਿਸ਼ਦ (Legislative Council)

ਭਾਰਤ ਦੇ ਕੁਝ ਰਾਜਾਂ ਜਿਹਾ ਕਿ ਜੰਮੂ ਤੇ ਕਸ਼ਮੀਰ, ਬਿਹਾਰ, ਮਹਾਂਰਾਸ਼ਟਰ, ਕਰਨਾਟਕ ਅਤੇ ਉੱਤਰ ਪ੍ਰਦੇਸ਼ ਵਿਚ ਵਿਧਾਨਪਾਲਿਕਾ ਦੋ ਸਦਨੀ ਹੈ। ਦੂਜੇ ਸਦਨ ਨੂੰ ਵਿਧਾਨ ਪਰਿਸ਼ਦ ਦਾ ਨਾਂ ਦਿੱਤਾ ਗਿਆ ਹੈ। ਵਿਧਾਨ ਪਰਿਸ਼ਦ ਦੀ ਰਚਨਾ, ਕੰਮ ਅਤੇ ਸ਼ਕਤੀਆਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ :

### 1.2.5.1 ਰਚਨਾ (Composition)

ਸੰਵਿਧਾਨ ਦੇ ਅਨੁਛੇਦ 171 ਦੇ ਅਨੁਸਾਰ ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਗਿਣਤੀ ਉਸ ਰਾਜ ਦੀ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਦੇ ਇਕ-ਤਿਹਾਈ ਹਿੱਸੇ ਤੋਂ ਵੱਧ ਨਹੀਂ ਹੋ ਸਕਦੀ ਅਤੇ ਕਿਸੇ ਵੀ ਸੂਰਤ ਵਿਚ 40 ਤੋਂ ਘੱਟ ਨਹੀਂ ਹੋ ਸਕਦੀ। ਕੇਂਦਰੀ ਸੰਸਦ ਕਾਨੂੰਨ ਦੁਆਰਾ ਵਿਧਾਨ ਪਰਿਸ਼ਦ ਦੀ ਰਚਨਾ ਵਿਚ ਤਬਦੀਲੀ ਕਰ ਸਕਦੀ ਹੈ। ਇਸ ਵੇਲੇ ਉੱਤਰ ਪ੍ਰਦੇਸ਼ ਦੀ ਵਿਧਾਨ ਪਰਿਸ਼ਦ ਦੇ 108 ਮੈਂਬਰ ਹਨ। ਰਾਜ ਦੀ ਵਿਧਾਨ ਪਰਿਸ਼ਦ ਵਿਚ ਹੇਠ ਲਿਖੀਆਂ ਸ਼੍ਰੇਣੀਆਂ ਦੇ ਮੈਂਬਰ ਲਏ ਜਾਂਦੇ ਹਨ :

(ੳ) ਇਕ-ਤਿਹਾਈ ਮੈਂਬਰ ਸਥਾਨਿਕ ਸੰਸਥਾਵਾਂ ਜਿਹਾ ਕਿ ਨਗਰਪਾਲਿਕਾਵਾਂ, ਜ਼ਿਲ੍ਹਾ ਬੋਰਡਾਂ ਆਦਿ ਦੁਆਰਾ ਚੁਣੇ ਜਾਂਦੇ ਹਨ।

(ਅ) ਇਕ-ਤਿਹਾਈ ਮੈਂਬਰ ਸੰਬੰਧਿਤ ਰਾਜ ਦੀ ਵਿਧਾਨ ਸਭਾ ਦੇ ਮੈਂਬਰ ਦੁਆਰਾ ਚੁਣੇ ਜਾਂਦੇ ਹਨ।

(ੲ) 1/12 ਮੈਂਬਰ ਰਾਜ ਵਿਚ ਰਹਿਣ ਵਾਲੇ ਅਜਿਹੇ ਸਥਾਨਕ ਵੋਟਰਾਂ ਦੁਆਰਾ ਚੁਣੇ ਜਾਂਦੇ ਹਨ ਜਿਹਨਾਂ ਨੂੰ ਭਾਰਤ ਦੀ ਕਿਸੇ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕੀਤੇ ਤਿੰਨ ਸਾਲ ਹੋ ਚੁੱਕੇ ਹੋਣ।

(ਸ) 1/12 ਮੈਂਬਰ ਰਾਜ ਦੇ ਹਾਇਰ ਸੈਕੰਡਰੀ ਸਕੂਲਾਂ ਜਾਂ ਇਸ ਤੋਂ ਉਚੇਰੀਆਂ ਵਿੱਦਿਅਕ ਸੰਸਥਾਵਾਂ ਵਿਚ ਘੱਟੋਂ-ਘੱਟ ਪਿਛਲੇ ਤਿੰਨ ਸਾਲਾਂ ਤੋਂ ਕੰਮ ਕਰ ਰਹੇ ਅਧਿਆਪਕਾਂ ਦੁਆਰਾ ਚੁਣੇ ਜਾਂਦੇ ਹਨ।

(ਹ) ਬਾਕੀ ਦੇ ਮੈਂਬਰ ਭਾਵ 1/6 ਮੈਂਬਰ, ਰਾਜਪਾਲ ਦੁਆਰਾ ਸਾਹਿਤ, ਵਿਗਿਆਨ, ਕਲਾ ਅਤੇ ਸਮਾਜ ਸੇਵਾ ਦਾ ਵਿਸ਼ੇਸ਼ ਗਿਆਨ ਅਤੇ ਅਮਲੀ ਤਜ਼ਰਬਾ ਰੱਖਣ ਵਾਲੇ ਵਿਅਕਤੀਆਂ ਵਿਚ ਨਾਮਜ਼ਦ ਕੀਤੇ ਜਾਂਦੇ ਹਨ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ 5 ਦਸੰਬਰ, 1988 ਨੂੰ ਸੰਸਦ ਨੇ ਕਾਨੂੰਨੀ ਸੋਧ ਪਾਸ ਕੀਤੀ ਜਿਸ ਕਰਕੇ ਸਥਾਨਿਕ ਸੰਸਥਾਵਾਂ, ਸਨਾਤਕਾਂ, ਅਧਿਆਪਕਾਂ ਅਤੇ ਵਿਧਾਨ ਸਭਾ ਦੇ ਚੋਣ-ਖੇਤਰਾਂ ਤੋਂ ਜਿਹੜੇ ਵਿਅਕਤੀ ਚੋਣ ਲੜਨਗੇ ਉਹਨਾਂ ਦਾ ਨਾਂ ਘੱਟ ਤੋਂ ਘੱਟ 10 ਚੋਣਕਾਰਾਂ ਵਲੋਂ ਪ੍ਰਸਤਾਵਿਤ ਹੋਣਾ ਜ਼ਰੂਰੀ ਹੈ।

**1.2.5.2 ਯੋਗਤਾਵਾਂ (Qualification)**

ਵਿਧਾਨ ਪਰਿਸ਼ਦ ਦੇ ਮੈਂਬਰਾਂ ਲਈ ਉਹੋ ਹੀ ਯੋਗਤਾਵਾਂ ਅਤੇ ਅਯੋਗਤਾਵਾਂ ਨਿਸ਼ਚਿਤ ਕੀਤੀਆਂ ਗਈਆਂ ਹਨ ਜੋ ਵਿਧਾਨ ਸਭਾ ਦੇ ਮੈਂਬਰ ਲਈ ਨਿਸ਼ਚਿਤ ਹਨ। ਫਰਕ ਸਿਰਫ ਇੰਨਾ ਹੈ ਕਿ ਵਿਧਾਨ ਪਰਿਸ਼ਦ ਦਾ ਮੈਂਬਰ ਬਣਨ ਲਈ 30 ਸਾਲ ਦੀ ਉਮਰ ਹੋਣੀ ਚਾਹੀਦੀ ਹੈ।

**1.2.5.3 ਕਾਰਜਕਾਲ ਅਤੇ ਹੋਰ ਵਿਵਸਥਤਾਵਾਂ (Tenure)**

ਵਿਧਾਨ ਪਰਿਸ਼ਦ ਇਕ ਸਥਾਈ ਸਦਨ ਹੈ। ਇਸ ਦੇ ਮੈਂਬਰਾਂ ਦੇ ਪਦ ਦੀ ਮਿਆਦ ਛੇ ਸਾਲ ਹੁੰਦੀ ਹੈ ਪਰੰਤੂ ਇਸ ਦੇ ਇਕ-ਤਿਹਾਈ ਮੈਂਬਰ ਹਰ ਦੋ ਸਾਲ ਮਗਰੋਂ ਰਿਟਾਇਰ ਹੋ ਜਾਂਦੇ ਹਨ ਅਤੇ ਉਹਨਾਂ ਦੀ ਥਾਂ ਨਵੇਂ ਮੈਂਬਰਾਂ ਦੀ ਚੋਣ ਕਰ ਲਈ ਜਾਂਦੀ ਹੈ। ਵਿਧਾਨ ਪਰਿਸ਼ਦ ਨੂੰ ਰਾਜਪਾਲ ਭੰਗ ਨਹੀਂ ਕਰ ਸਕਦਾ ਹੈ।

**ਕੋਰਮ (Quorum)**

ਵਿਧਾਨ ਪਰਿਸ਼ਦ ਦਾ ਕੋਰਸ ਇਸ ਦੇ ਕੁੱਲ ਮੈਂਬਰਾਂ ਦਾ ਦਸਵਾਂ ਭਾਗ ਜਾਂ ਘੱਟੋਂ ਘੱਟ 10 ਮੈਂਬਰ ਨਿਸ਼ਚਿਤ ਕੀਤੇ ਗਏ ਹਨ।

**ਤਨਖਾਹ ਅਤੇ ਭੱਤੇ (Salary and Allowances)**

ਰਾਜ ਦੀ ਵਿਧਾਨ ਸਭਾ ਵਾਂਗ ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਨੂੰ ਵੀ ਰਾਜ ਵਿਧਾਨ ਮੰਡਲ ਦੁਆਰਾ ਨਿਸ਼ਚਿਤ ਕੀਤਾ ਜਾਂਦਾ ਹੈ। ਉਹਨਾਂ ਨੂੰ ਮੁਫ਼ਤ ਨਿਵਾਸ ਸਥਾਨ, ਟੈਲੀਫੂਨ ਸਹੂਲਤਾਂ, ਡਾਕਟਰੀ ਸਹਾਇਤਾ, ਆਵਾਜਾਈ ਸੰਬੰਧੀ ਸਹੂਲਤਾਂ ਅਤੇ ਸਮਾਗਮ ਦੇ ਦਿਨਾਂ ਵਿਚ ਰੋਜਾਨਾ ਭੱਤਾ ਤੋਂ ਇਲਾਵਾ ਰਿਟਾਇਰ ਹੋਣ 'ਤੇ ਮਹੀਨਾਵਾਰ ਪੈਨਸ਼ਨ ਦੇਣ ਦੀ ਵੀ ਵਿਵਸਥਾ ਹੈ।

**ਸਮਾਗਮ (Sessions)**

ਰਾਜਪਾਲ ਜਦੋਂ ਅਤੇ ਜਿਥੇ ਯੋਗ ਸਮਝੇ ਰਾਜ ਵਿਧਾਨ ਪਰਿਸ਼ਦ ਦਾ ਸਮਾਗਮ ਬੁਲਾ ਸਕਦਾ ਹੈ। ਪਰ ਸੰਵਿਧਾਨ ਦੇ ਅਨੁਛੇਦ 174 ਅਨੁਸਾਰ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਦੇ ਰਾਜਪਾਲ ਨੂੰ ਇਕ ਸਾਲ ਵਿਚ ਘੱਟੋਂ ਘੱਟ ਦੋ ਵਾਰੀ ਰਾਜ ਵਿਧਾਨ ਪਰਿਸ਼ਦ ਦਾ ਸਮਾਗਮ ਬੁਲਾਉਣਾ ਜ਼ਰੂਰੀ ਹੈ। ਪਿਛਲੇ ਸਮਾਗਮ ਦੀ ਆਖਰੀ ਤਾਰੀਖ ਅਤੇ ਆਉਣ ਵਾਲੇ ਸਮਾਗਮ ਦੀ ਪਹਿਲੀ ਤਾਰੀਖ ਵਿਚਕਾਰ ਛੇ ਮਹੀਨੇ ਤੋਂ ਵੱਧ ਸਮਾਂ ਨਹੀਂ ਬੀਤਣਾ ਚਾਹੀਦਾ। ਰਾਜਪਾਲ ਦੋਨਾਂ ਸਦਨਾਂ ਦਾ ਸਾਂਝਾ ਸਮਾਗਮ ਵੀ ਬੁਲਾ ਸਕਦਾ ਹੈ ਅਤੇ ਦੋਨਾਂ ਸਦਨਾਂ ਦੇ ਸਮਾਗਮਾਂ ਨੂੰ ਸਥਗਿਤ ਵੀ ਕਰ ਸਕਦਾ ਹੈ।

**ਵਿਧਾਨ ਪਰਿਸ਼ਦ ਦੇ ਅਧਿਕਾਰੀ (Officers of the Legislative Council)**

ਵਿਧਾਨ ਪਰਿਸ਼ਦ ਦੇ ਮੈਂਬਰ ਆਪਣੇ ਵਿਚੋਂ ਕਿਸੇ ਇਕ ਮੈਂਬਰ ਨੂੰ ਚੇਅਰਮੈਨ ਤੇ ਦੂਜੇ ਮੈਂਬਰ ਨੂੰ ਡਿਪਟੀ ਚੇਅਰਮੈਨ ਦੀ ਪਦਵੀ ਨਾਲ ਚੁਣਦੇ ਹਨ।

ਵਿਧਾਨ ਪਰਿਸ਼ਦ ਦੇ ਮੈਂਬਰ ਬਹੁਮਤ ਦੁਆਰਾ ਚੇਅਰਮੈਨ ਤੇ ਡਿਪਟੀ ਚੇਅਰਮੈਨ ਵਿਰੁੱਧ ਪ੍ਰਸਤਾਵ ਪਾਸ ਕਰਕੇ ਉਹਨਾਂ ਨੂੰ ਆਪਣੇ ਅਹੁਦੇ ਤੋਂ ਹਟਾ ਵੀ ਸਕਦੇ ਹਨ, ਪਰੰਤੂ ਅਜਿਹਾ ਪ੍ਰਸਤਾਵ ਪੇਸ਼ ਕਰਨ ਲਈ ਘੱਟ

ਤੋਂ ਘੱਟ 14 ਦਿਨਾਂ ਦਾ ਨੋਟਿਸ ਦੇਣਾ ਜ਼ਰੂਰੀ ਹੈ।

ਜਦੋਂ ਚੇਅਰਮੈਨ ਜਾਂ ਡਿਪਟੀ ਚੇਅਰਮੈਨ ਵਿਚੋਂ ਜਿਸ ਕਿਸੇ ਵਿਰੁੱਧ ਵੀ ਪ੍ਰਸਤਾਵ ਉੱਤੇ ਬਹਿਸ ਹੋ ਰਹੀ ਹੋਵੇ ਉਹ ਸਦਨ ਦੀ ਪ੍ਰਧਾਨਗੀ ਨਹੀਂ ਕਰ ਸਕਦਾ। ਜੇਕਰ ਦੋਹਾਂ ਦੀਆਂ ਪਦਵੀਆਂ ਖਾਲੀ ਹੋਣ ਤਾਂ ਰਾਜਪਾਲ ਕਿਸੇ ਵੀ ਮੈਂਬਰ ਨੂੰ ਸਦਨ ਦੀ ਪ੍ਰਧਾਨਗੀ ਕਰਨ ਲਈ ਨਿਯੁਕਤ ਕਰ ਸਕਦਾ ਹੈ। ਚੇਅਰਮੈਨ ਅਤੇ ਡਿਪਟੀ ਚੇਅਰਮੈਨ ਨੂੰ ਆਪਣੇ ਵਿਰੁੱਧ ਪ੍ਰਸਤਾਵ ਉੱਤੇ ਹੋ ਰਹੀ ਬਹਿਸ ਵਿਚ ਹਿੱਸਾ ਲੈਣ ਅਤੇ ਵੋਟ ਦੇਣ ਦਾ ਅਧਿਕਾਰ ਹੁੰਦਾ ਹੈ। ਅਜਿਹੀ ਸਥਿਤੀ ਵਿਚ ਜਿਸ ਵਿਰੁੱਧ ਪ੍ਰਸਤਾਵ ਪੇਸ਼ ਹੋਵੇ, ਉਸ ਨੂੰ ਨਿਰਣਾਇਕ ਵੋਟ ਦੇਣ ਦਾ ਅਧਿਕਾਰ ਨਹੀਂ ਹੁੰਦਾ।

ਵਿਧਾਨ ਪਰਿਸ਼ਦ ਦਾ ਚੇਅਰਮੈਨ ਉਹ ਸਾਰੇ ਕਾਰਜ ਕਰਦਾ ਹੈ ਜੋ ਵਿਧਾਨ ਸਭਾ ਦਾ ਸਪੀਕਰ ਕਰਦਾ ਹੈ। ਉਸ ਦੀ ਗੈਰ-ਹਾਜ਼ਰੀ ਵਿਚ ਡਿਪਟੀ ਚੇਅਰਮੈਨ ਹੀ ਚੇਅਰਮੈਨ ਦੇ ਸਾਰੇ ਕਾਰਜਾਂ ਨੂੰ ਨਿਭਾਉਂਦਾ ਹੈ।

**ਵਿਧਾਨ ਪਰਿਸ਼ਦ ਦੀ ਸਥਾਪਨਾ ਜਾਂ ਸਮਾਪਤੀ (Creation or Abolition of the Legislative Council)**

ਰਾਜ ਵਿਧਾਨ ਸਭਾ ਆਪਣੇ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਅਤੇ ਹਾਜ਼ਰ ਤੇ ਵੋਟ ਦੇਣ ਵਾਲੇ ਮੈਂਬਰਾਂ ਦੇ ਦੋ-ਤਿਹਾਈ ਬਹੁਮਤ ਨਾਲ ਮਤਾ ਪਾਸ ਕਰਕੇ ਵਿਧਾਨ ਪਰਿਸ਼ਦ ਦੀ ਸਥਾਪਨਾ ਜਾਂ ਸਮਾਪਤੀ ਲਈ ਕੇਂਦਰੀ ਸੰਸਦ ਨੂੰ ਬੇਨਤੀ ਕਰ ਸਕਦੀ ਹੈ, ਪਰ ਸੰਸਦ ਲਈ ਅਜਿਹੇ ਪ੍ਰਸਤਾਵ ਨੂੰ ਮੰਨਣਾ ਜ਼ਰੂਰੀ ਨਹੀਂ ਹੈ। ਆਮ ਤੌਰ ਤੇ ਕੇਂਦਰੀ ਸੰਸਦ ਰਾਜ ਵਿਧਾਨ ਸਭਾ ਦੀ ਅਜਿਹੀ ਬੇਨਤੀ ਅਨੁਸਾਰ ਹੀ ਕਾਨੂੰਨ ਦਾ ਨਿਰਮਾਣ ਕਰਦੀ ਹੈ। ਸੰਵਿਧਾਨ ਦੇ ਲਾਗੂ ਹੋਣ ਮਗਰੋਂ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਪੰਜਾਬ ਵਿਧਾਨ ਪਰਿਸ਼ਦਾਂ ਇਹਨਾਂ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਪ੍ਰਸਤਾਵਾਂ ਅਨੁਸਾਰ ਸੰਸਦ ਦੇ ਕਾਨੂੰਨਾਂ ਦੁਆਰਾ ਖਤਮ ਕੀਤੀਆਂ ਜਾ ਚੁੱਕੀਆਂ ਹਨ। ਪੰਜਾਬ ਰਾਜ ਵਿਧਾਨ ਸਭਾ ਨੇ 7 ਅਪ੍ਰੈਲ 1993 ਨੂੰ ਪੰਜਾਬ ਵਿਚ ਮੁੜ ਵਿਧਾਨ ਪਰਿਸ਼ਦ ਦੀ ਸਥਾਪਨਾ ਕਰਨ ਲਈ ਪ੍ਰਸਤਾਵ ਪਾਸ ਕੀਤਾ ਸੀ ਪਰੰਤੂ ਅਜੇ ਤੱਕ ਇਸ ਪ੍ਰਸਤਾਵ ਨੂੰ ਸੰਸਦ ਵਲੋਂ ਪ੍ਰਵਾਨਗੀ ਨਹੀਂ ਮਿਲੀ।

**1.2.6 ਵਿਧਾਨ ਪਰਿਸ਼ਦ ਦੀਆਂ ਸ਼ਕਤੀਆਂ ਅਤੇ ਕੰਮ (Function of the Legislative Council)**

ਵਿਧਾਨ ਪਰਿਸ਼ਦ ਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵੇਰਵਾ ਇਸ ਪ੍ਰਕਾਰ ਹੈ :

**1.2.6.1 ਵਿਧਾਨਿਕ ਸ਼ਕਤੀਆਂ (Legislative Powers)**

ਰਾਜ ਸੂਚੀ ਅਤੇ ਸਮਵਰਤੀ ਸੂਚੀ ਵਿਚ ਦਰਜ਼ ਵਿਸ਼ਿਆਂ ਉੱਤੇ ਸਾਧਾਰਨ ਬਿੱਲ ਵਿਧਾਨ ਪਰਿਸ਼ਦ ਵਿਚ ਵੀ ਪੇਸ਼ ਕੀਤੇ ਜਾ ਸਕਦੇ ਹਨ ਪਰ ਧਨ ਬਿੱਲ ਵਿਧਾਨ ਪਰਿਸ਼ਦ ਵਿਚ ਪੇਸ਼ ਨਹੀਂ ਹੋ ਸਕਦੇ। ਇਸ ਤੋਂ ਇਲਾਵਾ ਵਿਧਾਨ ਸਭਾ ਦੁਆਰਾ ਪਾਸ ਕੀਤੇ ਹੋਏ ਬਿਲ ਵੀ ਵਿਧਾਨ ਪਰਿਸ਼ਦ ਕੋਲ ਜ਼ਰੂਰ ਭੇਜੇ ਜਾਂਦੇ ਹਨ ਕਿਉਂਕਿ ਕੋਈ ਵੀ ਬਿੱਲ ਉਸ ਸਮੇਂ ਤੱਕ ਰਾਜ ਦਾ ਕਾਨੂੰਨ ਨਹੀਂ ਬਣ ਸਕਦਾ ਜਦ ਤਕ ਉਹ ਦੋਹਾਂ ਸਦਨਾਂ ਵਲੋਂ ਪਾਸ ਹੋ ਕੇ ਰਾਜਪਾਲ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਕਰ ਲੈਂਦਾ। ਜੇਕਰ ਵਿਧਾਨ ਪਰਿਸ਼ਦ ਤਿੰਨ ਮਹੀਨੇ ਤਕ ਬਿਲ ਉੱਤੇ ਕੋਈ ਕਾਰਵਾਈ ਨਹੀਂ ਕਰਦੀ ਜਾਂ ਬਿੱਲ ਨੂੰ ਰੱਦ ਕਰ ਦਿੰਦੀ ਹੈ ਜਾਂ ਬਿਲ ਵਿਚ ਅਜਿਹੀਆਂ ਸੋਧਾਂ ਕਰ ਦਿੰਦੀ ਹੈ ਜੋ ਵਿਧਾਨ ਸਭਾ ਨੂੰ ਪ੍ਰਵਾਨ ਨਹੀਂ ਹਨ ਤਾਂ ਅਜਿਹੇ ਬਿਲ ਨੂੰ ਵਿਧਾਨ ਸਭਾ ਦੋਬਾਰਾ ਪਾਸ ਕਰ ਸਕਦੀ ਹੈ। ਵਿਧਾਨ ਸਭਾ ਰਾਹੀਂ ਦੋਬਾਰਾ ਪਾਸ ਕੀਤੇ ਬਿਲ ਨੂੰ ਦੋਬਾਰਾ ਵਿਧਾਨ ਪਰਿਸ਼ਦ ਕੋਲ ਭੇਜਿਆ ਜਾਂਦਾ ਹੈ। ਜੇਕਰ ਵਿਧਾਨ ਪਰਿਸ਼ਦ ਦੋਬਾਰਾ ਭੇਜੇ ਬਿੱਲ ਉੱਤੇ ਇਕ ਮਹੀਨਾ ਤੱਕ ਕੋਈ ਕਾਰਵਾਈ ਨਹੀਂ ਕਰਦੀ ਜਾਂ ਉਸ ਬਿੱਲ ਵਿੱਚ ਅਜਿਹੀਆਂ ਸੋਧਾਂ ਕਰ ਦਿੰਦੀ ਹੈ ਜੋ ਕਿ ਵਿਧਾਨ ਸਭਾ ਨੂੰ ਪ੍ਰਵਾਨ ਨਾ ਹੋਣ ਤਾਂ ਅਜਿਹਾ ਬਿੱਲ ਰਾਜ ਵਿਧਾਨਪਾਲਿਕਾ ਦੇ ਦੋਨਾਂ ਸਦਨਾਂ ਵਲੋਂ ਪਾਸ ਸਮਝਿਆ ਜਾਂਦਾ ਹੈ।

**1.2.6.2 ਵਿੱਤੀ ਸ਼ਕਤੀਆਂ (Finanacial Powers)**

ਸੰਵਿਧਾਨ ਅਨੁਸਾਰ ਵਿੱਤ ਬਿੱਲ ਵਿਧਾਨ ਪਰਿਸ਼ਦ ਵਿਚ ਪੇਸ਼ ਨਹੀਂ ਕੀਤੇ ਜਾ ਸਕਦੇ। ਵਿਧਾਨ ਸਭਾ ਵਿਚ ਪਾਸ ਹੋਣ ਮਗਰੋਂ ਧਨ ਬਿੱਲ ਨੂੰ ਵਿਧਾਨ ਪਰਿਸ਼ਦ ਕੋਲ ਭੇਜਿਆ ਜਾਂਦਾ ਹੈ। ਜੇਕਰ ਵਿਧਾਨ ਪਰਿਸ਼ਦ ਉਸ ਉੱਤੇ 14 ਦਿਨ ਤੱਕ ਕੋਈ ਕਾਰਵਾਈ ਨਾ ਕਰੇ ਜਾਂ ਉਸ ਨੂੰ ਰੱਦ ਕਰ ਦੇਵੇ ਜਾਂ ਅਜਿਹੇ ਸੁਝਾਅ ਦੇਵੇ ਜੋ ਵਿਧਾਨ ਸਭਾ ਨੂੰ ਪ੍ਰਵਾਨ ਨਾ ਹੋਣ ਤਾਂ ਇਹਨਾਂ ਸਥਿਤੀਆਂ ਵਿਚ ਧਨ ਬਿੱਲ ਦੋਹਾਂ ਦੁਆਰਾ ਪਾਸ ਸਮਝਿਆ ਜਾਂਦਾ ਹੈ।

### 1.2.6.3 ਕਾਰਜਪਾਲਿਕਾ ਉੱਤੇ ਨਿਯੰਤਰਣ (Control Over Executive)

ਇਸ ਖੇਤਰ ਵਿਚ ਵੀ ਵਿਧਾਨ ਪਰਿਸ਼ਦ ਕੋਲ ਕੋਈ ਮਹੱਤਵਪੂਰਨ ਸ਼ਕਤੀ ਨਹੀਂ ਹੈ। ਭਾਵੇਂ ਵਿਧਾਨ ਪਰਿਸ਼ਦ ਦੇ ਮੈਂਬਰ ਪ੍ਰਸ਼ਨਾਂ ਰਾਹੀਂ ਮੰਤਰੀਆਂ ਕੋਲੋਂ ਉਹਨਾਂ ਦੇ ਵਿਭਾਗ ਬਾਰੇ ਸੂਚਨਾ ਪ੍ਰਾਪਤ ਕਰ ਸਕਦੇ ਹਨ। ਸਥਗਨ ਮੱਤੇ ਅਤੇ ਧਿਆਨ ਦਿਵਾਊ ਮਤੇ ਰਾਹੀਂ ਵਿਧਾਨ ਪਰਿਸ਼ਦ ਦੇ ਮੈਂਬਰ ਪ੍ਰਸ਼ਾਸਨ ਦੀ ਕਰੜੀ ਆਲੋਚਨਾ ਕਰ ਸਕਦੇ ਹਨ, ਜਿਸ ਦਾ ਮੰਤਰੀ ਮੰਡਲ ਦੀ ਨੀਤੀ ਉੱਤੇ ਕੁਝ ਪ੍ਰਭਾਵ ਜ਼ਰੂਰ ਪੈਂਦਾ ਹੈ। ਪਰ ਵਿਧਾਨ ਪਰਿਸ਼ਦ ਦੇ ਮੇਂਬਰ ਅਵਿਸ਼ਵਾਸ ਦਾ ਪ੍ਰਸਤਾਵ ਪੇਸ਼ ਨਹੀਂ ਕਰ ਸਕਦੇ।

### 1.2.6.4 ਫੁਟਕਲ ਕੰਮ (Miscellaneous Functions

(ੳ) ਵਿਧਾਨ ਪਰਿਸ਼ਦ ਦੇ ਮੈਂਬਰ ਆਪਣੇ ਵਿੱਚੋਂ ਕਿਸੇ ਇੱਕ ਮੈਂਬਰ ਨੂੰ ਚੇਅਰਮੈਨ ਤੇ ਕਿਸੇ ਦੂਸਰੇ ਨੂੰ ਡਿਪਟੀ ਚੇਅਰਮੈਨ ਦੀ ਪਦਵੀ ਲਈ ਚੁਣਦੇ ਹਨ।

(ਅ) ਸੰਸਦ ਵਲੋਂ ਪਾਸ ਕੀਤੀਆਂ ਜੋ ਸੰਵਿਧਾਨਿਕ ਸੋਧਾਂ ਰਾਜ ਵਿਧਾਨਪਾਲਿਕਾ ਦੀ ਪ੍ਰਵਾਨਗੀ ਲਈ ਭੇਜੀਆਂ ਜਾਂਦੀਆਂ ਹਨ, ਰਾਜ ਵਿਧਾਨ ਸਭਾ ਵਿਧਾਨ ਪਰਿਸ਼ਦ ਨਾਲ ਮਿਲਕੇ ਉਸ ਦੀ ਪ੍ਰਵਾਨਗੀ ਦਿੰਦੀ ਹੈ।

### ਸਥਿਤੀ (Position)

ਇਹ ਸਾਰੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਵਿਧਾਨ ਪਰਿਸ਼ਦ ਰਾਜ ਵਿਧਾਨਪਾਲਿਕਾ ਦਾ ਇਕ ਕਮਜ਼ੋਰ ਸਦਨ ਹੈ। ਰਾਜ ਵਿਧਾਨਪਾਲਿਕਾ ਦੀਆਂ ਸ਼ਕਤੀਆਂ ਅਸਲ ਵਿਚ ਰਾਜ ਵਿਧਾਨ ਸਭਾ ਦੀਆਂ ਹੀ ਸ਼ਕਤੀਆਂ ਹਨ ਅਤੇ ਵਿਧਾਨ ਪਰਿਸ਼ਦ ਹਰ ਪੱਖ ਤੋਂ ਹੀ ਇਕ ਸ਼ਕਤੀਹੀਣ ਅਤੇ ਮਹੱਤਵਹੀਣ ਸਦਨ ਹੈ।

ਇੱਥੋਂ ਤਕ ਕਿ ਵਿਧਾਨ ਪਰਿਸ਼ਦ ਦੀ ਹੋਂਦ ਵੀ ਰਾਜ ਵਿਧਾਨ ਸਭਾ ਦੀ ਸਦਭਾਵਨਾ ਉੱਤੇ ਨਿਰਭਰ ਕਰਦੀ ਹੈ ਕਿਉਂ ਜੋ ਇਸ ਦੀ ਸਥਾਪਨਾ ਅਤੇ ਸਮਾਪਤੀ ਲਈ ਪ੍ਰਸਤਾਵ ਵਿਧਾਨ ਸਭਾ ਹੀ ਪਾਸ ਕਰਦੀ ਹੈ। ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ ਦੇ ਆਪਸੀ ਸੰਬੰਧਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਦੋਵੇਂ ਸਦਨ ਰਾਜ ਵਿਧਾਨਪਾਲਿਕਾ ਦੇ ਜ਼ਰੂਰੀ ਅੰਗ ਹਨ : ਪਰੰਤੂ ਸੰਵਿਧਾਨ ਦੁਆਰਾ ਹਰ ਖੇਤਰ ਵਿਚ ਵਿਧਾਨ ਸਭਾ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਸਥਿਤੀ ਪ੍ਰਦਾਨ ਕੀਤੀ ਗਈ ਹੈ।

## 1.2.7 ਸਵੈ-ਪਰਖ ਅਭਿਆਸ

**ਸਹੀ ਜਾਂ ਗਲਤ ਲਿਖੋ :**

1. ਭਾਰਤ ਸੰਘ ਦੇ ਸਾਰੇ ਰਾਜਾਂ ਵਿਚ ਦੋ ਸਦਨੀ ਵਿਧਾਨ ਮੰਡਲ ਹਨ।
2. ਕੇਂਦਰੀ ਸੰਸਦ ਆਪਣੀ ਮਰਜ਼ੀ ਨਾਲ ਵਿਧਾਨ ਪਰਿਸ਼ਦ ਨੂੰ ਭੰਗ ਕਰ ਸਕਦੀ ਹੈ।
3. ਸਿੱਕਮ ਦੀ ਵਿਧਾਨ ਸਭਾ ਤੋਂ ਛੋਟੀ ਹੈ।
4. ਰਾਜ ਦੀ ਵਿਧਾਨ ਸਭਾ ਦਾ ਕਾਰਜਕਾਲ 5 ਸਾਲ ਹੁੰਦਾ ਹੈ।
5. ਵਿਧਾਨ ਪਰਿਸ਼ਦ ਇੱਕ ਸਥਾਈ ਸਦਨ ਹੈ।
6. ਵਿਧਾਨ ਪਾਲਿਕਾ ਦੇ ਹਰ ਸਾਲ ਦੋ ਇਜਲਾਸ ਹੋਣੇ ਜ਼ਰੂਰੀ ਹਨ।
7. ਸਮਵਰਤੀ ਸੂਚੀ ਦੇ ਵਿਸ਼ੇ ਸੰਬੰਧੀ ਕੇਂਦਰ ਕਾਨੂੰਨ ਅਤੇ ਰਾਜ ਦੇ ਕਾਨੂੰਨ ਵਿਚ ਝਗੜਾ ਹੋਣ ਦੀ ਸੂਰਤ ਵਿਚ ਰਾਜ ਦੇ ਕਾਨੂੰਨ ਲਾਗੂ ਹੁੰਦੇ ਹਨ।
8. ਵਿਧਾਨ ਸਭਾ ਦੇ ਇਕ-ਤਿਹਾਈ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੁੰਦੇ ਹਨ।

ਉੱਤਰ: ਸਹੀ : 3,4,5,6 ਗਲਤ : 1,2,7,8

## ਪ੍ਰਸ਼ਨ

1. ਰਾਜ ਵਿਧਾਨਪਾਲਿਕਾ ਦੀ ਬਣਤਰ ਅਤੇ ਕੰਮਾਂ ਦੀ ਵਿਆਖਿਆ ਕਰੋ।
2. ਵਿਧਾਨ ਸਭਾ ਅਤੇ ਵਿਧਾਨ ਪਰਿਸ਼ਦ ਦੇ ਆਪਸੀ ਸੰਬੰਧਾਂ ਦਾ ਵਰਣਨ ਕਰੋ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਵਿਧਾਨ ਸਭਾ ਦਾ ਮੈਂਬਰ ਬਣਨ ਲਈ ਯੋਗਤਾਵਾਂ।
2. ਵਿਧਾਨ ਪਰਿਸ਼ਦ ਦਾ ਮੈਂਬਰ ਬਣਨ ਲਈ ਯੋਗਤਾਵਾਂ।

3. ਵਿਧਾਨ ਸਭਾ ਦੀਆਂ ਵਿਧਾਨਿਕ ਸ਼ਕਤੀਆਂ।
4. ਵਿਧਾਨ ਪਰਿਸ਼ਦ ਦੀਆਂ ਵਿੱਤੀ ਸ਼ਕਤੀਆਂ।
5. ਵਿਧਾਨ ਸਭਾ ਦੇ ਕਾਰਜਕਾਰੀ ਕੰਮ ਦੱਸੋ।
6. ਵਿਧਾਨ ਸਭਾ ਦਾ ਸੰਵਿਧਾਨਿਕ ਕੰਮ ਦੱਸੋ।
7. ਵਿਧਾਨ ਪਰਿਸ਼ਦ ਦੀ ਸਮਾਪਤੀ ਕਿਵੇਂ ਕੀਤੀ ਜਾਂਦੀ ਹੈ ?
8. ਵਿਧਾਨ ਸਭਾ ਦੇ ਸਪੀਕਰ ਦੀ ਚੋਣ ਕਿਵੇਂ ਹੁੰਦੀ ਹੈ ?
9. ਵਿਧਾਨ ਸਭਾ ਦੇ ਸਮਾਗਮ ਕਦੋਂ ਬੁਲਾਏ ਜਾਂਦੇ ਹਨ ?
10. ਨਿਖੇਧ ਅਧਿਕਾਰ

## ਸਵੈ-ਅਭਿਆਸ ਪ੍ਰਸ਼ਨ

1. ਰਾਸ਼ਟਰਪਤੀ ਦੀ ਸਥਿਤੀ ਲਿਖੋ। ਐਮਰਜੈਂਸੀ ਵਿਚ ਕੀ role play ਕਰਦਾ ਹੈ ਲਿਖੋ।
2. ਭਾਰਤੀ ਸੰਸਦ ਦੀਆਂ ਸ਼ਕਤੀਆਂ ਅਤੇ ਸਥਿਤੀ ਵਰਨਣ ਕਰੋ।
3. ਰਾਜ ਦੇ ਗਵਰਨਰ ਦੀ ਸਥਿਤੀ ਬਾਰੇ ਵਰਨਣ ਕਰੋ।
4. ਵਿਧਾਨਪਾਲਿਕਾ ਦੀ ਬਣਤਰ ਤੇ ਕੰਮਾਂ ਬਾਰੇ ਲਿਖੋ।

### *ਛੋਟੇ ਸੁਆਲ*

1. ਰਾਸ਼ਟਰਪਤੀ ਦੀਆਂ ਸ਼ਕਤੀਆਂ (ਆਪਾਤਕਾਲੀਨ) ਕਿਨ੍ਹੀ ਤਰ੍ਹਾਂ ਦੀਆਂ ਹਨ।
2. ਸੰਸਦ ਦੇ ਕਿੰਨੇ ਸਦਨ ਹਨ ਤੇ ਮੈਂਬਰ ਕਿਵੇਂ ਚੁਣੇ ਜਾਂਦੇ ਹਨ।
3. ਗਵਰਨਰ ਦੀ ਨਿਯੁਕਤੀ ਬਾਰੇ ਲਿਖੋ।
4. ਵਿਧਾਨ ਸਭਾ ਦੇ ਕਾਰਜਕਾਰੀ ਕੰਮ ਲਿਖੋ।
5. ਵਿਧਾਨ ਸਭਾ ਦਾ ਮੈਂਬਰ ਬਨਣ ਲਈ ਯੋਗਤਾਵਾਂ।

# ਰਾਜ ਦੀ ਮੰਤਰੀ ਪਰਿਸ਼ਦ ਤੇ ਮੁੱਖ–ਮੰਤਰੀ

**(State Council of Ministers)**


1.3.0 ਪਾਠ ਦੀ ਭੂਮਿਕਾ
1.3.1 ਮੰਤਰੀ ਪਰਿਸ਼ਦ ਦਾ ਕਲਿਆਣ
1.3.2 ਮੁੱਖ ਮੰਤਰੀ ਦੀ ਨਿਯੁਕਤੀ
1.3.3 ਮੁੱਖ ਮੰਤਰੀ ਤੇ ਉਸਦਾ ਮੰਤਰੀ ਮੰਡਲ
1.3.4 ਮੰਤਰੀ ਬਣਨ ਲਈ ਯੋਗਤਾ
1.3.5 ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਵਿਚ ਅੰਤਰ
1.3.6 ਮੰਤਰੀ ਪਰਿਸ਼ਦ ਦੀ ਮਿਆਦ
1.3.7 ਮੰਤਰੀ ਪਰਿਸ਼ਦ ਦੀਆਂ ਵਿਸ਼ੇਸ਼ਤਾਵਾਂ
1.3.8 ਮੰਤਰੀ ਪਰਿਸ਼ਦ ਦੇ ਕਾਰਜ
1.3.9 ਮੰਤਰੀ ਪਰਿਸ਼ਦ ਦੇ ਗਵਰਨਰ ਨਾਲ ਸੰਬੰਧ
1.3.10 ਮੰਤਰੀ ਪਰਿਸ਼ਦ ਦਾ ਵਿਧਾਨ ਮੰਡਲ ਨਾਲ ਸੰਬੰਧ
1.3.11 ਮੁੱਖ ਮੰਤਰੀ ਦੀ ਨਿਯੁਕਤੀ
1.3.12 ਮੁੱਖ ਮੰਤਰੀ ਦੀਆਂ ਸ਼ਕਤੀਆਂ
1.3.13 ਗਵਰਨਰ ਤੇ ਮੁੱਖ ਮੰਤਰੀ
1.3.14 ਸਾਰਾਂਸ਼
1.3.15 ਸਵੈ ਅਭਿਆਸ ਲਈ ਪ੍ਰਸ਼ਨ
1.3.16 ਸੁਝਾਈਆਂ ਗਈਆਂ ਪੁਸਤਕਾਂ


## 1.3.0 ਪਾਠ ਦੀ ਭੂਮਿਕਾ

ਇਸ ਪਾਠ ਵਿੱਚ ਅਸੀਂ ਰਾਜ ਦੀ ਅਸਲੀ ਕਾਰਜਪਾਲਿਕਾ ਅਥਵਾ ਮੰਤਰੀ ਪਰਿਸ਼ਦ, ਉਸਦੀ ਬਣਤਰ ਅਤੇ ਸ਼ਕਤੀਆਂ ਅਤੇ ਮੁੱਖ ਮੰਤਰੀ ਦੀਆਂ ਸ਼ਕਤੀਆਂ, ਉਸਦੀ ਸਥਿਤੀ ਅਤੇ ਗਵਰਨਰ ਨਾਲ ਉਸ ਦੇ ਸਬੰਧਾਂ ਬਾਰੇ ਅਧਿਐਨ ਕਰਾਂਗੇ। ਭਾਵੇਂ ਸੰਵਿਧਾਨ ਦੇ ਅਨੁਛੇਦ 154 ਅਨੁਸਾਰ ਰਾਜ ਦੀਆਂ ਸਾਰੀਆਂ ਕਾਰਜਕਾਰੀ ਸ਼ਕਤੀਆਂ ਗਵਰਨਰ ਵਿੱਚ ਨਿਹਿਤ ਹਨ ਜਿਨ੍ਹਾਂ ਦੀ ਵਰਤੋਂ ਸਿੱਧੇ ਤੌਰ ਤੇ ਜਾਂ ਆਪਣੇ ਅਧੀਨ ਅਧਿਕਾਰੀਆਂ ਦੁਆਰਾ ਕਰ ਸਕਦਾ ਹੈ, ਪਰ ਇਸ ਦੇ ਨਾਲ ਹੀ ਸੰਵਿਧਾਨ ਦੇ ਅਨੁਛੇਦ (163) (1) ਵਿਚ ਇਹ ਉਪਬੰਧ ਕੀਤਾ ਗਿਆ ਹੈ ਕਿ ਗਵਰਨਰ ਦੇ ਕੰਮਾਂ ਵਿੱਚ, ਸਿਵਾਏ ਉਨ੍ਹਾਂ ਦੇ ਜੋ ਸੰਵਿਧਾਨ ਅਨੁਸਾਰ ਉਸ ਨੇ ਆਪਣੀ ਵਿਵੇਕ (Discretion) ਅਨੁਸਾਰ ਕਰਨੇ ਹਨ, ਉਸ ਨੂੰ ਸਲਾਹ ਅਤੇ ਸਹਾਇਤਾ ਦੇਣ ਲਈ ਮੁੱਖ ਮੰਤਰੀ ਦੀ ਅਗਵਾਈ ਵਿੱਚ ਇਕ ਮੰਤਰੀ ਪਰਿਸ਼ਦ ਹੋਵੇਗੀ। ਇਸ ਗੱਲ ਦਾ ਫੈਸਲਾ ਗਵਰਨਰ ਕਰਦਾ ਹੈ ਕਿ ਕਿਹੜੇ ਮਾਮਲੇ ਉਸ ਦੇ ਵਿਵੇਕ ਖੇਤਰ ਵਿੱਚ ਆਉਂਦੇ ਹਨ ਕਿਉਂਕਿ ਸੰਵਿਧਾਨ ਵਿੱਚੋਂ ਕਿਧਰੇ ਵੀ ਇਸ ਬਾਰੇ ਸਪੱਸ਼ਟ ਨਹੀਂ ਲਿਖਿਆ ਹੋਇਆ ਹੈ।

1. ਰਾਜ ਮੰਤਰੀ ਪਰਿਸ਼ਦ ਦੇ ਮੁੱਖੀ ਨੂੰ ਮੁੱਖ ਮੰਤਰੀ ਕਿਹਾ ਜਾਂਦਾ ਹੈ ਕਿ ਜਦੋਂ ਕਿ ਯੂਨੀਅਨ ਦੇ ਮੰਤਰੀ ਪਰਿਸ਼ਦ ਦੇ ਮੁੱਖੀ ਨੂੰ ਪ੍ਰਧਾਨ ਮੰਤਰੀ ਕਿਹਾ ਜਾਂਦਾ ਹੈ।
2. ਭਾਵੇਂ ਸੰਘੀ ਅਤੇ ਰਾਜ ਮੰਤਰੀ ਪਰਿਸ਼ਦ ਦਾ ਸਰੂਪ ਅਤੇ ਆਕਾਰ, ਨਿਸ਼ਚਿਤ ਨਹੀਂ ਪਰ ਬਿਹਾਰ, ਮੱਧ ਪ੍ਰਦੇਸ਼ ਤੇ ਉੜੀਸਾ ਰਾਜਾਂ ਦੇ ਮੰਤਰੀ ਪਰਿਸ਼ਦ ਵਿੱਚ ਆਦਮ ਜਾਤੀ–ਕਲਿਆਣ ਦੇ ਮਹਿਕਮੇ ਦਾ ਇਕ

ਮੰਤਰੀ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਉਤੇ ਅਨੁਸੂਚਿਤ ਜਾਤੀਆਂ ਦੇ ਕਲਿਆਣ ਦੀ ਜਿੰਮੇਵਾਰੀ ਵੀ ਹੁੰਦੀ ਹੈ।

3. ਰਾਜ ਮੰਤਰੀ ਪਰਿਸ਼ਦ ਨੂੰ ਸਾਰੇ ਕੰਮਾਂ ਵਿੱਚ ਗਵਰਨਰ ਨੂੰ ਮਦਦ ਤੇ ਸਲਾਹ ਦੇਣ ਦਾ ਹੱਕ ਪ੍ਰਾਪਤ ਨਹੀਂ। ਕੁਝ ਕਾਰਜ ਗਵਰਨਰ ਨੂੰ ਆਪਣੀ ਮਰਜ਼ੀ ਨਾਲ ਕਰਨ ਦਾ ਅਧਿਕਾਰ ਹੈ, ਜਿਹਨਾਂ ਬਾਰੇ ਮੰਤਰੀ ਪਰਿਸ਼ਦ ਨੂੰ ਸਲਾਹ ਦੇਣ ਦਾ ਅਧਿਕਾਰ ਨਹੀਂ। ਪਰ ਸੰਘੀ ਮੰਤਰੀ ਪਰਿਸ਼ਦ ਰਾਸ਼ਟਰਪਤੀ ਨੂੰ ਹਰ ਕੰਮ ਵਿੱਚ ਸਲਾਹ ਦਿੰਦਾ ਹੈ। ਰਾਸ਼ਟਰਪਤੀ ਪਾਸ ਕੋਈ ਵਿਵੇਕ ਸ਼ਕਤੀਆਂ ਨਹੀਂ ਹਨ।

### 1.3.1 ਮੰਤਰੀ ਪਰਿਸ਼ਦ ਦਾ ਨਿਰਮਾਣ (Formation of Council of Ministers)

ਰਾਜ ਮੰਤਰੀ ਪਰਿਸ਼ਦ ਦੇ ਨਿਰਮਾਣ ਦਾ ਤਰੀਕਾ ਬੜਾ ਹੀ ਸਰਲ ਅਤੇ ਸਪੱਸ਼ਟ ਹੈ। ਰਾਜ ਵਿਧਾਨ ਸਭਾ ਦੀਆਂ ਚੋਣਾਂ ਪਿਛੋਂ ਮੰਤਰੀ ਪਰਿਸ਼ਦ ਦਾ ਨਿਰਮਾਣ ਕੀਤਾ ਜਾਂਦਾ ਹੈ। ਸੰਵਿਧਾਨ ਅਨੁਸਾਰ ਮੰਤਰੀਆਂ ਦੀ ਨਿਯੁਕਤੀ ਗਵਰਨਰ ਦੁਆਰਾ ਕੀਤੀ ਜਾਂਦੀ ਹੈ ਪਰੰਤੂ ਗਵਰਨਰ ਮੰਤਰੀ ਪਰਿਸ਼ਦ ਦੀ ਨਿਯੁਕਤੀ ਆਪਣੀ ਇੱਛਾ ਅਨੁਸਾਰ ਨਹੀਂ ਕਰਦਾ। ਇਸ ਬਾਰੇ ਪ੍ਰਥਾ ਇਹ ਹੈ ਕਿ ਰਾਜਪਾਲ ਵਿਧਾਨ ਸਭਾ ਵਿੱਚ ਬਹੁ–ਸੰਮਤੀ ਵਾਲੇ ਦਲ ਦੇ ਮੁਖੀਏ ਨੂੰ ਸੱਦਾ ਦਿੰਦਾ ਹੈ ਅਤੇ ਉਸ ਨੂੰ ਮੁੱਖ ਮੰਤਰੀ ਨਿਯੁਕਤ ਕਰਦਾ ਹੈ। ਜੇ ਕਿਸੇ ਦਲ ਨੂੰ ਪੂਰਣ ਬਹੁ–ਸੰਮਤੀ ਪ੍ਰਾਪਤ ਨਾ ਹੋਵੇ ਤਾਂ ਰਾਜਪਾਲ ਕਿਸੇ ਅਜਿਹੇ ਵਿਅਕਤੀ ਨੂੰ ਮੁੱਖ ਮੰਤਰੀ ਨਿਯੁਕਤ ਕਰਦਾ ਹੈ ਉਸ ਦੇ ਵਿਚਾਰ ਅਨੁਸਾਰ ਪੱਕੀ ਸਰਕਾਰ ਬਣਾ ਸਕਦਾ ਹੋਵੇ। ਇਹੋ ਜਿਹੀ ਸਥਿਤੀ ਵਿੱਚ ਰਾਜਪਾਲ ਦੀ ਭੂਮਿਕਾ ਮਹੱਤਵਪੂਰਣ ਅਤੇ ਕਈ ਵਾਰੀ ਵਿਵਾਦਪੂਰਣ ਹੋ ਜਾਂਦੀ ਹੈ। *1982* ਵਿੱਚ ਹਰਿਆਣਾ ਰਾਜ ਵਿਧਾਨ ਸਭਾ ਦੀਆਂ ਚੋਣਾਂ ਬਾਅਦ ਜਦੋਂ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਤਾਂ ਰਾਜਪਾਲ ਜੀ.ਡੀ. ਤੁਪਾਸੇ ਵੱਲੋਂ ਜਿਸ ਤਰ੍ਹਾਂ ਭਜਨ ਲਾਲ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਗਿਆ, ਉਹ ਕਾਫੀ ਵਿਵਾਦ ਭਰਿਆ ਸੀ। ਮੁੱਖ ਮੰਤਰੀ ਦੀ ਨਿਯੁਕਤੀ ਪਿਛੋਂ ਬਾਕੀ ਸਾਰੇ ਮੰਤਰੀਆਂ ਦੀ ਨਿਯੁਕਤੀ ਗਵਰਨਰ ਮੁੱਖ ਮੰਤਰੀ ਦੀ ਸਿਫਾਰਸ਼ ਨਾਲ ਕਰਦਾ ਹੈ।

### 1.3.2 ਮੁੱਖ ਮੰਤਰੀ ਦੀ ਨਿਯੁਕਤੀ

ਮੁੱਖ ਮੰਤਰੀ ਆਮ ਤੌਰ ਤੇ ਵਿਧਾਨ ਸਭਾ ਦਾ ਮੈਂਬਰ ਹੁੰਦਾ ਹੈ ਪਰ ਸੰਵਿਧਾਨ ਵਿੱਚ ਕੋਈ ਪ੍ਰਤੀਬੰਧ ਨਹੀਂ ਕਿ ਜਿਸ ਰਾਜ ਵਿੱਚ ਵਿਧਾਨ ਸਭਾ ਅਤੇ ਵਿਧਾਨ ਪਰਿਸ਼ਦ ਦੋਵੇਂ ਹੋਣ ਮੁੱਖ ਮੰਤਰੀ ਵਿਧਾਨ ਪਰਿਸ਼ਦ (Legislative Council) ਵਿੱਚੋਂ ਨਾ ਲਿਆ ਜਾਵੇ। ਜੇ ਕਿਸੇ ਵਿਅਕਤੀ ਨੂੰ ਮੰਤਰੀ ਬਣਾ ਲਿਆ ਜਾਵੇ। ਜੋ ਵਿਧਾਨ ਪਰਿਸ਼ਦ ਦਾ ਮੈਂਬਰ ਹੁੰਦਾ ਹੈ ਪਰ ਸੰਵਿਧਾਨ ਵਿੱਚ ਕਾਨੂੰਨੀ ਤੌਰ ਤੇ ਕੋਈ ਗਲਤੀ ਨਹੀ ਹੋਵੇਗੀ। ਕਈ ਰਾਜਾਂ ਦੇ ਮੁੱਖ ਮੰਤਰੀ ਤੇ ਪਰਿਸ਼ਦ ਸਮੁੱਚੇ ਤੌਰ ਤੇ ਵਿਧਾਨ ਸਭਾ ਅੱਗੇ ਉੱਤਰਦਾਈ ਹੋਵੇਗੀ ਇਸ ਲਈ ਇਹੀ ਉਚਿਤ ਹੈ ਕਿ ਮੁੱਖ ਮੰਤਰੀ ਵਿਧਾਨ ਸਭਾ (Legislative Assembly) ਵਿੱਚੋਂ ਹੀ ਹੋਵੇ ਅਤੇ ਇਸ ਬਾਰੇ ਪ੍ਰਥਾ ਵੀ ਪੱਕੀ ਹੋ ਗਈ। ਜੇ ਕਿਸੇ ਵੀ ਵਿਅਕਤੀ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਜਾਵੇ ਜੋ ਵਿਧਾਨ ਮੰਡਲ ਦਾ ਮੈਂਬਰ ਨਾ ਹੋਵੇ ਤਾਂ ਉਸ ਨੂੰ ਛੇ ਮਹੀਨੇ ਦੇ ਅੰਦਰ-ਅੰਦਰ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਦਾ ਮੈਂਬਰ ਬਣਨਾ ਪੈਂਦਾ ਹੈ। ਸੁਪਰੀਮ ਕੋਰਟ ਦੇ ਨਵੇਂ ਆਏ ਫੈਸਲੇ ਅਨੁਸਾਰ ਕੋਈ ਮੰਤਰੀ ਕਿਸੇ ਵੀ ਹਾਲਤ ਵਿੱਚ 6 ਮਹੀਨੇ ਤੋਂ ਵੱਧ ਮੰਤਰੀ ਮੰਡਲ ਵਿਚ ਨਹੀਂ ਰਹਿ ਸਕਦਾ ਜੇ ਉਹ ਵਿਧਾਨ ਮੰਡਲ ਦੇ ਕਿਸੇ ਸਦਨ ਦਾ ਮੈਂਬਰ ਨਹੀਂ ਬਣਦਾ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਬੇਟੇ ਤੇਜ਼ ਪ੍ਰਕਾਸ਼ ਸਿੰਘ ਜੀ ਦੋ ਬਾਰੀ ਮੰਤਰੀ ਦੇ ਵਜੋਂ ਨਿਯੁਕਤੀ ਕੀਤੀ ਗਈ ਜਦੋਂ ਕਿ ਉਹ ਵਿਧਾਨ ਸਭਾ ਦੇ ਮੈਂਬਰ ਨਹੀਂ ਸੀ ਇਸ ਨਿਯੁਕਤੀ ਸੰਬੰਧੀ ਮੁਕੱਦਮੇ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਇਹ ਫੈਸਲਾ ਦਿੱਤਾ।

### 1.3.3 ਮੁੱਖ ਮੰਤਰੀ ਤੇ ਉਸਦਾ ਮੰਤਰੀ ਮੰਡਲ

ਮੁੱਖ ਮੰਤਰੀ ਆਪਣੇ ਸਾਥੀਆਂ ਦੀ ਚੋਣ ਕਰਨ ਵਿੱਚ ਸੁਤੰਤਰ ਹੁੰਦਾ ਹੈ। ਗਵਰਨਰ ਦੁਆਰਾ ਮੰਤਰੀਆਂ ਦੀ ਨਿਯੁਕਤੀ ਅਸਲ ਵਿੱਚ ਇੱਕ ਰਸਮ ਹੀ ਹੈ। ਮੁੱਖ ਮੰਤਰੀ ਦੁਆਰਾ ਤਿਆਰ ਹੋਈ ਸੂਚੀ ਨੂੰ ਗਵਰਨਰ ਸਦਾ ਪ੍ਰਵਾਨ ਕਰਦਾ ਹੈ। ਗਵਰਨਰ ਮੁੱਖ ਮੰਤਰੀ ਦੀ ਇੱਛਾ ਵਿਰੁੱਧ ਕਿਸੇ ਵਿਅਕਤੀ ਨੂੰ ਮੰਤਰੀ ਪਦ ਤੇ ਨਿਯੁਕਤ ਨਹੀਂ ਕਰ ਸਕਦਾ। ਮੁੱਖ ਮੰਤਰੀ ਆਪਣੇ ਦਲ ਵਿੱਚੋਂ ਨਿਕਟਵਰਤੀ ਹਮਾਇਤੀ ਅਤੇ ਵਿਸ਼ਵਾਸ ਪਾਤਰ ਸਾਥੀਆਂ ਨੂੰ ਹੀ ਚੁਣਦਾ ਹੈ। ਗਵਰਨਰ ਮੁੱਖ ਮੰਤਰੀ ਦੀ ਸਲਾਹ ਨਾਲ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ।

### 1.3.4 ਮੰਤਰੀ ਬਣਨ ਲਈ ਯੋਗਤਾ

ਮੰਤਰੀ ਬਣਨ ਲਈ ਕੇਵਲ ਇਕੋ ਹੀ ਯੋਗਤਾ ਦੀ ਲੋੜ ਹੈ ਤੇ ਉਹ ਇਹ ਹੈ ਕਿ ਉਹ ਵਿਅਕਤੀ ਰਾਜ ਦੇ ਵਿਧਾਨ ਮੰਡਲ (ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ) ਦਾ ਮੈਂਬਰ ਹੋਵੇ । ਪਰ ਮੁੱਖ ਮੰਤਰੀ ਕਿਸੇ ਅਜਿਹੇ ਵਿਅਕਤੀ ਨੂੰ ਆਪਣੇ ਮੰਤਰੀ ਪਰਿਸ਼ਦ ਵਿੱਚ ਲੈ ਸਕਦਾ ਹੈ ਜੋ ਰਾਜ ਦੇ ਵਿਧਾਨ ਮੰਡਲ ਦਾ ਮੈਂਬਰ ਨਾ ਹੋਵੇ । ਸੰਵਿਧਾਨ ਅਨੁਸਾਰ ਕੋਈ ਵਿਅਕਤੀ ਜਿਹੜਾ ਲਗਾਤਾਰ 6 ਮਹੀਨੇ ਲਈ ਰਾਜ ਵਿਧਾਨ ਮੰਡਲ ਦਾ ਮੈਂਬਰ ਨਹੀਂ ਉਹ ਮੰਤਰੀ ਪਰਿਸ਼ਦ ਵਿੱਚ ਟਿਕਿਆ ਨਹੀਂ ਰਹਿ ਸਕਦਾ । ਇਸ ਦਾ ਭਾਵ ਹੈ ਅਜਿਹਾ ਵਿਅਕਤੀ ਜ਼ਿਆਦਾ ਤੋਂ ਜ਼ਿਆਦਾ 6 ਮਹੀਨੇ ਤੱਕ ਮੰਤਰੀ ਰਹਿ ਸਕਦਾ ਹੈ ਅਤੇ 6 ਮਹੀਨੇ ਦੇ ਵਿਚ ਜੇ ਉਹ ਵਿਧਾਨ ਮੰਡਲ ਦਾ ਮੈਂਬਰ ਨਾ ਬਣ ਜਾਏ ਤਾਂ ਉਸ ਨੂੰ ਮੰਤਰੀ ਪਦ ਤੋਂ ਤਿਆਗ ਦਵਾਇਆ ਜਾਂਦਾ ਹੈ ਤਾਂ ਜੋ ਸੰਬੰਧਿਤ ਮੰਤਰੀ ਖਾਲੀ ਹੋਈ ਸੀਟ ਤੇ ਚੋਣ ਲੜ ਕੇ ਵਿਧਾਨ ਮੰਡਲ ਦਾ ਮੈਂਬਰ ਬਣ ਸਕੇ ਜਾਂ ਉਸ ਨੂੰ ਉਪਰਲੇ ਸਦਨ ਵਿੱਚ ਨਾਮਜ਼ਦ ਕਰ ਦਿੱਤਾ ਜਾਂਦਾ ਹੈ । ਇਸ ਗੱਲ ਦਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਗਵਰਨਰ ਵਿਧਾਨ ਪਰਿਸ਼ਦ ਵਿਚ ਕੁਝ ਮੈਂਬਰ ਨਾਮਜ਼ਦ ਕਰ ਸਕਦਾ ਹੈ ।

ਮੰਤਰੀ ਪਰਿਸ਼ਦ ਵਿੱਚ ਮੰਤਰੀਆਂ ਦੀ ਗਿਣਤੀ ਨਿਸ਼ਚਿਤ ਨਹੀਂ । ਸਮੇਂ ਅਨੁਸਾਰ ਜਦੋਂ ਮੁੱਖ ਮੰਤਰੀ ਚਾਹੇ ਮੰਤਰੀ ਪਰਿਸ਼ਦ ਦੀ ਗਿਣਤੀ ਨਿਸ਼ਚਿਤ ਕਰਦਾ ਹੈ । ਮੰਤਰੀ ਪਰਿਸ਼ਦ ਦੇ ਆਕਾਰ ਨੂੰ ਨਿਸ਼ਚਿਤ ਕਰਨ ਵਿੱਚ ਰਾਜ ਪ੍ਰਬੰਧ ਵਿੱਚ ਸੁਯੋਗਤਾ ਨੂੰ ਨਹੀ ਸਗੋਂ ਰਾਜਨੀਤਿਕ ਗੱਲਾਂ ਨੂੰ ਮੁੱਖ ਰੱਖਿਆ ਜਾਂਦਾ ਹੈ । ਮੁੱਖ ਮੰਤਰੀ ਆਪਣੀ ਵਜ਼ਾਰਤ ਨੂੰ ਕਾਇਮ ਰੱਖਣ ਲਈ ਆਪਣੀ ਪਾਰਟੀ ਦੇ ਵੱਖ-ਵੱਖ ਧੜਿਆਂ ਅਤੇ ਮੈਂਬਰਾਂ ਨੂੰ ਖੁਸ਼ ਕਰਨ ਦੀ ਕੋਸ਼ਿਸ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਲਗਭਗ ਹਰ ਰਾਜ ਵਿੱਚ ਮੰਤਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਜਾਂਦੀ ਹੈ । ਮੰਤਰੀ ਮੰਡਲਾਂ ਆਕਾਰ ਨੂੰ ਘੱਟ ਰੱਖਣ ਦੀ ਦਲੀਲ ਨੂੰ ਵੀ ਜ਼ਿਆਦਾ ਮੁੱਖ ਮੰਤਰੀਆਂ ਅਣਦੇਖਿਆ ਕਰ ਦਿੱਤੇ ਅਤੇ ਅਕਸਰ ਵੱਡੇ ਆਕਾਰ ਦੇ ਮੰਤਰੀ ਮੰਡਲ ਹੀ ਵੇਖਣ ਵਿਚ ਆਉਂਦੇ ਹਨ । ਪਰ 97 ਸੰਸ਼ੋਧਨ ਨਾਲ ਹੁਣ ਇਹ ਆਕਾਰ ਘੱਟ ਜਾਣਗੇ ਕਿਉਂਕਿ ਕੁੱਲ ਮੈਂਬਰਾਂ ਦੇ 15% ਹੀ ਮੰਤਰੀ ਬਣ ਸਕਦੇ ਹਨ ।

### 1.3.5 ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਵਿੱਚ ਅੰਤਰ (Difference between the Cabinet and council of Ministers)

ਸਾਡਾ ਸੰਵਿਧਾਨ ਕੇਂਦਰ ਜਾਂ ਰਾਜਾਂ ਵਿਚ ਕਿਸੇ ਮੰਤਰੀ ਮੰਡਲ (Cabinet) ਦਾ ਉਲੇਖ ਨਹੀਂ ਕਰਦਾ, ਫਿਰ ਵੀ ਜਿਵੇਂ ਕੇਂਦਰ ਵਿਚ ਮੰਤਰੀ ਪਰਿਸ਼ਦ ਅਤੇ ਕੈਬਨਿਟ ਵਿਚ ਭੇਦ ਹੈ, ਉਸੇ ਤਰ੍ਹਾਂ ਰਾਜਾਂ ਦੇ ਮੰਤਰੀਆਂ ਤੋਂ ਛੁਟ ਰਾਜ ਮੰਤਰੀ ਉਪ ਮੰਤਰੀ ਤੇ ਸੰਸਦੀ ਸਕੱਤਰ ਵੀ ਸ਼ਾਮਲ ਹੁੰਦੇ । ਨੀਤੀ ਕੇਵਲ ਕੈਬਨਿਟ ਮੰਤਰੀ ਹੀ ਘੜਦੇ ਹਨ । ਰਾਜ ਮੰਤਰੀ, ਉਪ ਮੰਤਰੀ ਤੇ ਸੰਸਦੀ ਸਕੱਤਰ ਨੀਤੀ ਉਤੇ ਵਿਚਾਰ ਵਟਾਂਦਰੇ ਕਰਦੇ ਹਨ । ਉਪ-ਮੰਤਰੀਆਂ ਦਾ ਵੇਤਨ ਮੰਤਰੀਆਂ ਨਾਲੋਂ ਘੱਟ ਹੁੰਦਾ ਹੈ ਅਤੇ ਉਹ ਕਿਸੇ ਵਿਭਾਗ ਦੇ ਇਨਚਾਰਜ ਵੀ ਨਹੀਂ ਹੁੰਦੇ, ਉਹ ਕੇਵਲ ਪ੍ਰਸ਼ਾਸਕੀ ਅਤੇ ਸੰਸਦੀ ਕਾਰਜਾਂ ਵਿੱਚ ਮੰਤਰੀਆਂ ਦੀ ਸਹਾਇਤਾ ਕਰਦੇ ਹਨ । ਮੰਤਰੀ, ਰਾਜ ਮੰਤਰੀ, ਉਪ ਮੰਤਰੀ ਅਤੇ ਸੰਸਦੀ ਸਕੱਤਰ ਸਾਰੇ ਹੀ ਮੰਤਰੀ ਪਰਿਸ਼ਦ ਅਤੇ ਰਾਜ ਵਿਧਾਨ ਮੰਡਲ ਦੇ ਮੈਂਬਰ ਹੁੰਦੇ ਹਨ ਅਤੇ ਸਾਰੇ ਹੀ ਸਮੁੱਚੇ ਤੌਰ ਤੇ ਵਿਧਾਨ ਸਭਾ ਅੱਗੋਂ ਉੱਤਰਦਾਈ ਹੁੰਦੇ ਹਨ । ਪਰ ਇਨ੍ਹਾਂ ਵਿੱਚੋਂ ਕੇਵਲ ਮੰਤਰੀ ਹੀ ਕੈਬਨਿਟ ਮੈਂਬਰ ਹੁੰਦੇ ਹਨ । ਪਰਿਸ਼ਦ ਸੰਵਿਧਾਨਕ ਸੰਸਥਾ ਹੈ ਪਰ ਕੈਬਨਿਟ ਨਹੀਂ ਇਹ ਕੇਵਲ ਪਰੰਪਰਾ ਦੀ ਉਪਜ ਹੈ । ਕੈਬਿਨਟ ਦਾ ਆਕਾਰ ਮੰਤਰੀ ਪਰਿਸ਼ਦ ਨਾਲੋਂ ਛੋਟਾ ਹੁੰਦਾ ਹੈ ।

### 1.3.6 ਮੰਤਰੀ ਪਰਿਸ਼ਦ ਦੀ ਮਿਆਦ (Tenure of Council of Ministers)

ਮੰਤਰੀ ਪਰਿਸ਼ਦ ਦੀ ਮਿਆਦ ਬਾਰੇ ਸੰਵਿਧਾਨ ਦੇ ਅਨੁਛੇਦ 164 ਵਿਚ ਕਿਹਾ ਗਿਆ ਹੈ ਕਿ ਮੰਤਰੀ ਗਵਰਨਰ ਦੀ ਪ੍ਰਸੰਨਤਾ ਤੱਕ ਆਪਣੇ ਪਦ ਤੇ ਰਹਿਣਗੇ । ਇਸ ਦਾ ਅਰਥ ਇਹ ਹੈ ਕਿ ਰਾਜਪਾਲ ਮੰਤਰੀ ਮੰਡਲ ਨੂੰ ਕਿਸੇ ਸਮੇਂ ਵੀ ਬਰਖਾਸਤ ਕਰ ਸਕਦਾ ਹੈ । ਪਰ ਇਹ ਉਪਬੱਧ ਰਸਮੀ ਹੀ ਹੈ ਅਤੇ ਮੰਤਰੀ ਆਪਣੇ ਪਦ ਤੇ ਉਸ ਸਮੇਂ ਤੱਕ ਟਿੱਕੇ ਰਹਿੰਦੇ ਹਨ ਜਦੋਂ ਤੱਕ ਉਨ੍ਹਾਂ ਨੂੰ ਵਿਧਾਨ ਸਭਾ ਦਾ ਵਿਸ਼ਵਾਸ ਪ੍ਰਾਪਤ ਹੁੰਦਾ ਹੈ । ਸੰਵਿਧਾਨ ਵਿੱਚ ਮੰਤਰੀਆਂ ਦੀ ਜ਼ਿੰਮੇਵਾਰੀ ਦਾ ਕੋਈ ਉਪਬੱਧ ਨਹੀਂ । ਪ੍ਰੰਤੂ ਸੰਸਦੀ ਪ੍ਰਣਾਲੀ ਦਾ ਇਹ ਇੱਕ ਮੁੱਖ ਲੱਛਣ ਹੈ ਕਿ ਮੰਤਰੀ ਸਾਂਝੇ ਤੌਰ ਤੇ ਵੀ

ਵਿਧਾਨ ਮੰਡਲ ਅੱਗੇ ਉੱਤਰਦਾਈ ਹੁੰਦੇ ਹਨ ਤੇ ਹੋਵੇ ਤਾਂ ਜੇ ਉਹ ਮੰਤਰੀ ਤਿਆਗ ਪੱਤਰ ਨਾ ਦੇਵੇ ਤਾਂ ਮੁੱਖ ਮੰਤਰੀ ਗਵਰਨ ਨੂੰ ਉਸ ਮੰਤਰੀ ਨੂੰ ਪਦ ਤੋਂ ਹਟਾਉਣ ਦੀ ਸਲਾਹ ਦੇ ਸਕਦਾ ਹੈ ਤੇ ਗਵਰਨਰ ਸਦਾ ਉਸ ਦੀ ਸਲਾਹ ਨੂੰ ਸਵੀਕਾਰ ਕਰਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਮਤਲਬ ਨਿਕਲਦਾ ਹੈ ਕਿ ਮੰਤਰੀ ਪਰਿਸ਼ਦ ਉਦੋਂ ਤਕ ਕਾਇਮ ਰਹਿੰਦੀ ਹੈ ਜਦ ਤੱਕ ਉਸ ਨੂੰ ਵਿਧਾਨ ਸਭਾ ਦਾ ਵਿਸ਼ਵਾਸ ਪ੍ਰਾਪਤ ਹੋਵੇ ।

ਮੰਤਰੀਆਂ, ਉਪ-ਮੰਤਰੀਆਂ ਅਤੇ ਸੰਸਦੀ ਸਕੱਤਰਾਂ ਦੀਆਂ ਤਨਖਾਹਾਂ ਸੰਵਿਧਾਨ ਦੁਆਰਾ ਨਿਸ਼ਚਿਤ ਨਹੀਂ ਹਨ। ਇਨ੍ਹਾਂ ਦਾ ਨਿਰਣਾ ਰਾਜ ਦਾ ਵਿਧਾਨ ਮੰਡਲ ਕਰਦਾ ਹੈ ਅਤੇ ਇਸ ਲਈ ਹਰ ਰਾਜ ਵਿੱਚ ਭਿੰਨ-ਭਿੰਨ ਹੁੰਦੀਆਂ ਹਨ।

## 1.3.7 ਮੰਤਰੀ ਪਰਿਸ਼ਦ ਦੀਆਂ ਵਿਸ਼ੇਸ਼ਤਾਵਾਂ (Features of Council of Ministers)

1. ਗਵਰਨਰ ਮੰਤਰੀ ਮੰਡਲ ਦਾ ਮੈਂਬਰ ਨਹੀਂ ਹੁੰਦਾ ਅਤੇ ਇਸ ਦੀਆਂ ਬੈਠਕਾਂ ਵਿੱਚ ਹਿੱਸਾ ਨਹੀਂ ਲੈਂਦਾ ।
2. ਸਾਰੇ ਮੰਤਰੀ ਇੱਕ ਪਾਰਟੀ ਦੇ ਹੁੰਦੇ ਹਨ ਅਤੇ ਉਹ ਸਮੂਹਕ ਰੂਪ ਵਿਚ ਵਿਧਾਨ ਸਭਾ ਪ੍ਰਤੀ ਉੱਤਰਦਾਈ ਹੁੰਦੇ ਹਨ । ਇਸ ਦੇ ਲਈ ਉਨ੍ਹਾਂ ਵਿਚ ਸਮੂਹਕ ਸੋਚ ਵਿਚਾਰ ਹੁੰਦੀ ਹੈ ।
3. ਮੰਤਰੀ ਪਰਿਸ਼ਦ ਆਪਣੇ ਕੰਮ ਲਈ ਵਿਧਾਨ ਸਭਾ ਅੱਗੇ ਉੱਤਰਦਾਈ ਹੁੰਦਾ ਹੈ ਅਤੇ ਇਹ ਉਸ ਸਮੇਂ ਤੱਕ ਆਪਣੀ ਪਦਵੀ ਤੇ ਰਹਿ ਸਕਦਾ ਹੈ ਜਦ ਤਕ ਇਸ ਨੂੰ ਵਿਧਾਨ ਸਭਾ ਦਾ ਵਿਸ਼ਵਾਸ ਪ੍ਰਾਪਤ ਹੋਵੇ । ਵਿਸ਼ਵਾਸ ਖਤਮ ਹੋ ਜਾਣ ਤੇ ਮੰਤਰੀ ਪਰਿਸ਼ਦ ਨੂੰ ਅਸਤੀਫਾ ਦੇਣਾ ਪੈਂਦਾ ਹੈ ।
4. ਮੁੱਖ ਮੰਤਰੀ, ਮੰਤਰੀ ਪਰਿਸ਼ਦ ਦਾ ਆਗੂ ਹੁੰਦਾ ਹੈ ਅਤੇ ਉਸ ਦਾ ਦਰਜਾ ਬਹੁਤ ਮਹੱਤਵਪੂਰਨ ਹੁੰਦਾ ਹੈ ਜਿਵੇਂ ਤਾਰਿਆਂ ਵਿੱਚ ਚੰਨ ।
5. ਮੰਤਰੀ ਪਰਿਸ਼ਦ ਦੀ ਕਾਰਵਾਈ ਗੁਪਤ ਹੁੰਦੀ ਹੈ ।

## 1.3.8 ਮੰਤਰੀ ਪਰਿਸ਼ਦ ਦੇ ਕਾਰਜ (Functions of the Council of Ministers)

(i) **ਨੀਤੀ ਨਿਰਮਾਣ ਕਾਰਜ (Policy Marking)** : ਕਹਿਣ ਨੂੰ ਤਾਂ ਰਾਜ ਦੀ ਕਾਰਜ-ਪਾਲਿਕਾ ਦਾ ਮੁੱਖੀਆ ਗਵਰਨਰ ਹੈ ਅਤੇ ਉਹ ਆਪਣੇ ਕੰਮਾਂ ਨੂੰ ਸਿਰੇ ਚਾੜ੍ਹਨ ਵਾਸਤੇ ਮੰਤਰੀ ਪਰਿਸ਼ਦ ਦੀ ਸਹਾਇਤਾ ਅਤੇ ਸਲਾਹ ਲੈਂਦਾ ਹੈ। ਪਰ ਅਸਲ ਵਿੱਚ ਰਾਜ ਦਾ ਸਾਰਾ ਪ੍ਰਸ਼ਾਸਨ ਗਵਰਨਰ ਦੇ ਨਾਂ ਤੇ ਮੰਤਰੀਆਂ ਦੁਆਰਾ ਹੀ ਚਲਾਇਆ ਜਾਂਦਾ ਹੈ । ਉਹ ਰਾਜ ਦੀ ਸ਼ਾਸਨ ਨੀਤੀ ਤੇ ਵਿਚਾਰ ਕਰਕੇ ਨੀਤੀ ਦਾ ਨਿਰਣਾ ਕਰਦੇ ਹਨ । ਉਹ ਹੀ ਰਾਜ ਦੀਆਂ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਸੰਪਰਦਾਇਕ ਸਮੱਸਿਆਵਾਂ ਦਾ ਹੱਲ ਲੱਭਦੇ ਹਨ ਅਤੇ ਫਿਰ ਆਪਣੀ ਘੜੀ ਹੋਈ ਨੀਤੀ ਅਨੁਸਾਰ ਆਪਣੇ-ਆਪਣੇ ਵਿਭਾਗ ਦਾ ਕੰਮ ਚਲਾਉਂਦੇ ਹਨ ਆਮ ਕਰਕੇ ਨੀਤੀ ਦੇ ਬਾਰੇ ਨਿਰਣੇ ਮੰਤਰੀ ਮੰਡਲ (Cabinet) ਦੀਆਂ ਬੈਠਕਾਂ ਵਿੱਚ ਕੀਤੇ ਜਾਂਦੇ ਹਨ । ਨੀਤੀ ਦਾ ਨਿਰਮਾਣ ਕਰਨ ਪਿਛੇ ਰਾਜ ਵਿਧਾਨ ਮੰਡਲ ਪਾਸੋਂ ਨੀਤੀ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ । ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਵਾਨਗੀ ਮੁੱਖ ਮੰਤਰੀ ਕਰਦਾ ਹੈ ।

(ii) **ਕਾਰਜਕਾਰੀ ਸ਼ਕਤੀਆਂ (Executive Powers) :** ਮੰਤਰੀ ਪਰਿਸ਼ਦ ਦਾ ਹਰੇਕ ਮੈਂਬਰ ਇਕ ਜਾਂ ਇਕ ਤੋਂ ਵੱਧ ਵਿਭਾਗਾਂ ਦਾ ਮੁੱਖੀ (Head) ਹੁੰਦਾ ਹੈ। ਵਿਭਾਗਾਂ ਦੀ ਵੰਡ ਮੁੱਖ ਮੰਤਰੀ ਦੀ ਸਲਾਹ ਅਨੁਸਾਰ ਕੀਤੀ ਜਾਂਦੀ ਹੈ । ਹਰ ਇਕ ਮੰਤਰੀ ਆਪਣੇ ਵਿਭਾਗਾਂ ਦੇ ਰੋਜ਼ਾਨਾ ਅਤੇ ਛੋਟੇ-ਛੋਟੇ ਵਿਸ਼ਿਆਂ ਦਾ ਨਿਰਣਾ ਆਪਣੇ-ਆਪ ਕਰਦਾ ਹੈ ਪਰ ਵਿਭਾਗ ਦੇ ਮਹੱਤਵਪੂਰਨ ਮਾਮਲਿਆਂ ਦਾ ਨਿਰਣਾ ਕੈਬਨਿਟ ਦੀ ਬੈਠਕ ਵਿਚ ਹੁੰਦਾ ਹੈ । ਉਹ ਆਪਣੇ ਵਿਭਾਗਾਂ ਦਾ ਚੰਗਾ ਕੰਮ ਚਲਾਉਣ ਲਈ ਆਪਣੇ ਅਧੀਨ ਸਰਕਾਰੀ ਕਰਮਚਾਰੀ ਦੇ ਕੰਮ ਦੀ ਦੇਖਭਾਲ ਕਰਦਾ ਹੈ। ਆਪਣੇ ਵਿਭਾਗ ਦੇ ਕੰਮ ਦੀ ਆਲੋਚਨਾ ਦੇ ਸਮੇਂ ਮੰਤਰੀ ਹੀ ਸਿਵਲ ਅਧਿਕਾਰੀਆਂ ਦੇ ਕੰਮਾਂ ਲਈ ਉੱਤਰਦਾਈ ਹੁੰਦਾ ਹੈ। ਰਾਜ ਦੀਆਂ ਸਾਰੀਆਂ ਮਹੱਤਵਪੂਰਨ ਨਿਯੁਕਤੀਆਂ ਰਾਜ ਦੇ ਗਵਰਨਰ ਦੁਆਰਾ ਕੀਤੀਆਂ ਜਾਂਦੀਆਂ ਹਨ ਪਰ ਅਸਲ ਵਿੱਚ ਇਨ੍ਹਾਂ ਨਿਯੁਕਤੀਆਂ ਦਾ ਨਿਰਣਾ ਮੰਤਰੀ ਮੰਡਲ ਕਰਦਾ ਹੈ। ਇਨ੍ਹਾਂ ਨਿਯੁਕਤੀਆਂ ਵਿੱਚ ਐਡਵੋਕੇਟ ਜਨਰਲ, ਰਾਜ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਅਤੇ

ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰ ਆਦਿ ਸ਼ਾਮਲ ਹਨ ।

(iii) **ਵਿਧਾਨਿਕ ਸ਼ਕਤੀਆਂ (Legislative Powers) :** ਮੰਤਰੀ ਪਰਿਸ਼ਦ ਦੇ ਮੈਂਬਰ ਵਿਧਾਨ ਮੰਡਲ ਦੇ ਮੈਂਬਰ ਵੀ ਹੁੰਦੇ ਹਨ ਅਤੇ ਰਾਜ ਲਈ ਕਾਨੂੰਨ ਬਣਾਉਣ ਵਿਚ ਹਿੱਸਾ ਲੈਂਦੇ ਹਨ । ਹਰ ਮੰਤਰੀ ਆਪਣੇ ਵਿਭਾਗ ਨਾਲ ਸੰਬੰਧਿਤ ਮੰਤਰੀ ਮੰਡਲ ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਲੋੜੀਂਦੇ ਬਿੱਲ ਤਿਆਰ ਕਰਾਉਂਦਾ ਹੈ ਅਤੇ ਉਨ੍ਹਾਂ ਨੂੰ ਮੰਤਰੀ ਦੀ ਬੈਠਕ ਵਿਚ ਪੇਸ਼ ਕਰਦਾ ਹੈ । ਮੰਤਰੀ ਮੰਡਲ ਦੀ ਪ੍ਰਵਾਨਗੀ ਪਿਛੋਂ ਇਹ ਬਿੱਲ ਵਿਧਾਨ ਸਭਾ ਜਾਂ ਵਿਧਾਨ ਪਰਿਸ਼ਦ ਵਿੱਚ ਪੇਸ਼ ਕੀਤਾ ਜਾਂਦਾ ਹੈ । ਰਾਜ ਵਿਧਾਨ ਮੰਡਲ ਵਿੱਚ ਪੇਸ਼ ਹੋਣ ਵਾਲੇ ਬਿੱਲਾਂ ਵਿਚੋਂ 90% ਬਿੱਲ ਮੰਤਰੀ ਪਰਿਸ਼ਦ ਵੱਲੋਂ ਪੇਸ਼ ਕੀਤੇ ਜਾਂਦੇ ਹਨ ।

ਜਦੋਂ ਵਿਧਾਨ ਮੰਡਲ ਦਾ ਸਮਾਗਮ ਨਹੀਂ ਹੁੰਦਾ ਅਤੇ ਕਿਸੇ ਵਿਸ਼ੇਸ਼ ਕਾਨੂੰਨ ਦੀ ਲੋੜ ਅਨੁਭਵ ਹੁੰਦੀ ਹੈ ਤਾਂ ਗਵਰਨਰ ਮੰਤਰੀਆਂ ਦੀ ਸਲਾਹ ਨਾਲ ਅਧਿਆਦੇਸ਼ (Ordinance) ਜਾਰੀ ਕਰ ਸਕਦਾ ਹੈ ।

(iv) **ਵਿੱਤੀ ਸ਼ਕਤੀਆਂ (Financial Powers) :** ਹਰ ਸਾਲ ਮੰਤਰੀ ਆਪਣੇ ਵਿਭਾਗਾਂ ਦੇ ਆਮਦਨ ਖਰਚ ਦਾ ਬਜਟ ਬਣਾ ਕੇ ਵਿੱਤ ਮੰਤਰੀ ਨੂੰ ਭੇਜਦਾ ਹੈ । ਵਿੱਤ ਮੰਤਰੀ ਸਾਰੇ ਵਿਭਾਗਾਂ ਦੀ ਅਵਸਥਾ ਅਤੇ ਆਰਥਿਕ ਜ਼ਰੂਰਤਾ ਨੂੰ ਪਰਿਸ਼ਦ ਦੇ ਸਾਹਮਣੇ ਰੱਖ ਕੇ ਆਮਦਨ ਅਤੇ ਖਰਚ ਦਾ ਪਰਚਾ ਤਿਆਰ ਕਰਦਾ ਹੈ । ਇਸ ਤੋਂ ਬਾਅਦ ਵਿੱਤ ਮੰਤਰੀ ਸਾਲਾਨਾ ਬਜਟ ਬਣਾਉਂਦਾ ਹੈ । ਸੰਵਿਧਾਨ ਦੀ ਰਾਜ ਸੂਚੀ ਵਿਚ ਦਿੱਤੇ (taxes) ਨੂੰ ਨਿਸ਼ਚਿਤ ਕਰਦਾ ਹੈ ਅਤੇ ਇਸ ਲਈ ਵਿਧਾਨ ਮੰਡਲ ਦੀ ਮਨਜ਼ੂਰੀ ਲੈਂਦਾ ਹੈ ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਾਜ ਸੰਬੰਧੀ ਵਿਸ਼ਿਆਂ ਦੀ ਸਾਰੀ ਸ਼ਕਤੀ ਮੰਤਰੀ ਪਰਿਸ਼ਦ ਦੇ ਹੱਥ ਵਿੱਚ ਹੈ ।ਸੰਸਦੀ ਪ੍ਰਣਾਲੀ ਅਧੀਨ ਹਰ ਮੰਤਰੀ ਆਪਣੇ ਕੰਮਾਂ ਲਈ ਵਿਧਾਨ ਮੰਡਲ ਅਤੇ ਖਾਸ ਤੌਰ ਤੇ ਵਿਧਾਨ ਸਭਾ ਅੱਗੇ ਉੱਤਰਦਾਈ ਹੁੰਦਾ ਹੈ । ਵਿਧਾਨ ਮੰਡਲ ਮੰਤਰੀਆਂ ਕੋਲੋਂ ਉਨ੍ਹਾਂ ਦੇ ਵਿਭਾਗਾਂ ਬਾਰੇ ਪ੍ਰਸ਼ਨ (Supplementary questions) ਪੁੱਛ ਕੇ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਦਾ ਹੈ । ਸਰਕਾਰੀ ਨੀਤੀ ਤੇ ਰੋਸ਼ਨੀ ਪਾ ਕੇ ਉਸ ਦੀ ਆਲੋਚਨਾ ਕਰਦਾ ਹੈ ਅਤੇ ਵੱਖ-ਵੱਖ ਪ੍ਰਕਾਰ ਦੇ ਪ੍ਰਸਤਾਵ ਪਾਸ ਕਰਦਾ ਹੈ । ਮੰਤਰੀ ਪਰਿਸ਼ਦ ਦੇ ਮੈਂਬਰ ਵਿਧਾਨ ਮੰਡਲ ਵਿਚੋਂ ਲਏ ਜਾਂਦੇ ਹਨ ਅਤੇ ਵਿਧਾਨ ਸਭਾ ਦੇ ਅੱਗੇ ਸਮੂਹਕ ਰੂਪ ਵਿੱਚ ਉੱਤਰਦਾਈ ਹੁੰਦੇ ਹਨ । ਜੇ ਵਿਧਾਨ ਸਭਾ ਉਸ ਦੀ ਨੀਤੀ ਨਾਲ ਸਹਿਮਤ ਨਾ ਹੋਵੇ ਅਤੇ ਉਸ ਦੇ ਵਿਰੁੱਧ ਬੇ-ਪ੍ਰਤੀਤੀ ਦਾ ਪ੍ਰਸਤਾਵ (Vote of no-confidence) ਪਾਸ ਕਰ ਦੇਵੇ ਤਾਂ ਮੰਤਰੀ ਪਰਿਸ਼ਦ ਨੂੰ ਤੁਰੰਤ ਆਪਣੇ ਪਦ ਤੋਂ ਤਿਆਗ ਪੱਤਰ ਦੇਣਾ ਪੈਂਦਾ ਹੈ । ਪਰ ਅਸਲ ਵਿੱਚ ਅਜਿਹਾ ਘੱਟ ਹੀ ਹੁੰਦਾ ਹੈ ਕਿਉਂਕਿ ਮੰਤਰੀ ਪਰਿਸ਼ਦ ਦੇ ਮੈਂਬਰ ਵਿਧਾਨ ਸਭਾ ਵਿਚਲੇ ਬਹੁਮਤ ਦਲ ਦੇ ਮਹੱਤਵਪੂਰਨ ਮੈਂਬਰ ਹੁੰਦੇ ਹਨ । ਉਨ੍ਹਾਂ ਨੂੰ ਆਪਣੇ ਦਲ ਦੇ ਬਹੁਮਤ ਦਾ ਭਰੋਸਾ ਪ੍ਰਾਪਤ ਹੁੰਦਾ ਹੈ । ਇਸ ਤਰ੍ਹਾਂ ਵਿਰੋਧੀ ਦਲ ਅਵਿਸ਼ਵਾਸ ਦਾ ਮਤਾ ਪਾਸ ਕਰਵਾਉਣ ਵਿਚ ਅਸਫਲ ਰਹਿੰਦਾ ਹੈ ।

ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਇੰਗਲੈਂਡ ਵਰਗੀ ਸੰਸਦੀ ਪ੍ਰਣਾਲੀ ਹੀ ਅਪਣਾਈ ਗਈ ਹੈ । ਬ੍ਰਿਟਿਸ਼ ਸੰਵਿਧਾਨ ਵਿਚ ਜਿਨ੍ਹਾਂ ਪਰੰਪਰਾਵਾਂ ਨੇ ਸਦੀਆਂ ਵਿਚ ਵਿਕਾਸ ਕੀਤਾ ਸੀ ਅਤੇ ਜਿਨ੍ਹਾਂ ਦੀ ਉਪਯੋਗਤਾ ਨੂੰ ਮੰਨ ਲਿਆ ਗਿਆ ਹੈ, ਉਨ੍ਹਾਂ ਨੂੰ ਭਾਰਤੀ ਸੰਵਿਧਾਨ ਵਿਚ ਜਾਂ ਤਾਂ ਸੰਵਿਧਾਨਕ ਤੌਰ ਤੇ ਸਥਾਨ ਦੇ ਦਿੱਤਾ ਗਿਆ ਹੈ ਜਾਂ ਪਰੰਪਰਾ ਦੇ ਤੌਰ ਤੇ ਅਸੀਂ ਵੀ ਅਪਣਾ ਲਿਆ ਹੈ ।

### 1.3.9 ਮੰਤਰੀ ਪਰਿਸ਼ਦ ਦੇ ਗਵਰਨਰ ਨਾਲ ਸੰਬੰਧ (Relation between the Governor and the Ministers)

ਸੰਵਿਧਾਨ ਦੇ ਅਨੁਛੇਦ 164 ਵਿੱਚ ਲਿਖਿਆ ਹੈ ਕਿ ਗਵਰਨਰ ਦੀ ਪ੍ਰਸੰਨਤਾ ਤਕ ਮੰਤਰੀ ਆਪਣੀ ਪਦਵੀ ਤੇ ਕਾਇਮ ਰਹਿ ਸਕਦੇ ਹਨ । ਪਰ ਇਸ ਦਾ ਮਤਲਬ ਇਹ ਨਹੀਂ ਕਿ ਗਵਰਨਰ ਦੀ ਆਪਣੇ ਮੰਤਰੀਆਂ ਨੂੰ ਆਪਣੀ ਇੱਛਾ ਨਾਲ ਕਿਸੇ ਵੇਲੇ ਵੀ ਹਟਾ ਸਕੇਗਾ ਜਿਵੇਂ ਇਹ ਪਹਿਲਾਂ ਹੀ ਦੱਸਿਆ ਗਿਆ ਹੈ ਮੰਤਰੀਆਂ ਨੂੰ ਹਟਾਉਣ ਦੀ ਇਹ ਸ਼ਕਤੀ ਕੇਵਲ ਸਿਧਾਂਤਕ ਰੂਪ ਵਿੱਚ ਹੀ ਸੰਵਿਧਾਨ ਵਿਚ ਦਿੱਤੀ ਗਈ ਹੈ ਪਰ ਅਸਲ ਵਿਚ ਗਵਰਨਰ ਦੇ ਪਾਸ ਨਾ-ਮਾਤਰ ਸ਼ਕਤੀਆਂ ਹਨ ਅਤੇ ਵਾਸਤਵਿਕ ਸ਼ਕਤੀਆਂ ਮੰਤਰੀਆਂ ਪਾਸ ਹਨ । ਇਸ ਲਈ ਜਦ ਮੰਤਰੀਆਂ ਦੇ ਪਿੱਛੇ ਵਿਧਾਨ ਸਭਾ ਦਾ ਬਹੁਮਤ ਹੈ ਤਦ ਤਕ ਗਵਰਨਰ ਕੇਵਲ ਇਕ ਸੰਵਿਧਾਂਨਿਕ ਮੁੱਖੀਆ ਹੀ ਰਹਿ ਜਾਂਦਾ

ਹੈ । ਜੇਕਰ ਇਕ ਮੰਤਰੀ ਦਾ ਕੀਤਾ ਹੋਇਆ ਕੋਈ ਫੈਸਲਾ ਗਵਰਨਰ ਦੇ ਵਿਚਾਰ ਅਨੁਸਾਰ ਉਚਿਤ ਨਾ ਹੋਵੇ ਤਾਂ ਉਹ ਉਸ ਫੈਸਲੇ ਨੂੰ ਸਾਰੀ ਪਰਿਸ਼ਦ ਦੇ ਵਿਚਾਰ ਲਈ ਵਾਪਸ ਭੇਜ ਸਕਦੀ ਹੈ ।

ਮੁੱਖ ਮੰਤਰੀ ਦਾ ਇਹ ਫਰਜ਼ ਹੈ ਕਿ ਗਵਰਨਰ ਨੂੰ ਮੰਤਰੀ ਪਰਿਸ਼ਦ ਦੇ ਫੈਸਲਿਆਂ ਦੇ ਹਕੂਮਤ ਸੰਬੰਧੀ ਬਾਕੀ ਮਾਮਲਿਆਂ ਤੋਂ ਜਾਣੂ ਕਰਾਈ ਰੱਖੇ । ਗਵਰਨਰ ਨੂੰ ਮੁੱਖ ਮੰਤਰੀ ਪਾਸੋਂ ਹਕੂਮਤ ਸੰਬੰਧੀ ਕੰਮ ਦੀ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਵੀ ਹੈ । ਉਹ ਮੰਤਰੀਆਂ ਨੂੰ ਉਤਸ਼ਾਹ ਤੇ ਸਲਾਹ ਦੇ ਸਕਦਾ ਹੈ । ਭਾਵੇਂ ਸਾਰੀ ਜ਼ਿੰਮੇ ਵਾਰੀ ਮੰਤਰੀ ਪਰਿਸ਼ਦ ਦੀ ਹੈ ਪਰ ਰਾਜ ਦਾ ਸਾਰਾ ਪ੍ਰਬੰਧ ਗਵਰਨਰ ਦੇ ਨਾ ਤੇ ਚਲਾਇਆ ਜਾਂਦਾ ਹੈ ਪਰ ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਗਵਰਨਰ ਮਿੱਟੀ ਦਾ ਮਾਧੋ ਹੈ । ਇਕ ਬੁੱਧੀਮਾਨ ਤੇ ਤਜ਼ਰਬੇਕਾਰ ਗਵਰਨਰ ਆਪਣੇ ਰਾਜ ਦੀ ਨੀਤੀ ਨੂੰ ਨਿਰਸੰਦੇਹ ਪ੍ਰਭਾਵਿਤ ਕਰ ਸਕਦਾ ਹੈ ।

ਸਾਡੇ ਸੰਵਿਧਾਨ ਵਿੱਚ ਗਵਰਨਰ ਨੂੰ ਅਨੁਛੇਦ *163* ਅਨੁਸਾਰ ਕੁਝ ਵਿਵੇਕੀ ਸ਼ਕਤੀਆਂ ਦਿੱਤੀਆਂ ਗਈਆਂ ਹਨ । ਉਦਾਹਰਣ ਵਜੋਂ ਅਨੁਛੇਦ *352* ਅਨੁਸਾਰ ਰਾਸ਼ਟਰੀ ਬਾਹਰਲੇ ਹਮਲੇ ਯੁੱਧ ਜਾਂ ਇਸ ਦੀ ਸੰਭਾਵਨਾ ਦੇ ਸਮੇਂ ਸੰਕਟ ਦਾ ਐਲਾਨ ਕਰ ਦੇਵੇ ਤਾਂ ਗਵਰਨਰ ਉਸ ਸਮੇਂ ਆਪਣੀ ਪਰਿਸ਼ਦ ਦੀ ਸਲਾਹ ਦਾ ਬੱਝਾ ਨਹੀਂ ਹੋਵੇ ਗਾ ਤੇ ਉਸ ਨੂੰ ਰਾਸ਼ਟਰਪਤੀ ਦੇ ਹੁਕਮਾਂ ਦੀ ਪਾਲਣਾ ਕਰਨੀ ਪਵੇਗੀ । ਇਸ ਤਰ੍ਹਾਂ ਅਨੁਛੇਦ *356* ਅਨੁਸਾਰ ਜੇਕਰ ਗਵਰਨਰ ਪਾਸੋਂ ਰਿਪੋਰਟ ਪ੍ਰਾਪਤ ਕਰਨ ਮਗਰੋਂ ਜਾਂ ਕਿਸੇ ਹੋਰ ਤਰੀਕੇ ਨਾਲ ਰਾਸ਼ਰਪਤੀ ਨੂੰ ਤਸੱਲੀ ਹੋ ਜਾਂਦੀ ਹੈ ਕਿ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਨਹੀਂ ਚਲ ਸਕਦੀ ਤਾਂ ਉਹ ਉਸ ਰਾਜ ਵਿੱਚ ਸੰਵਿਧਾਨਿਕ ਸੰਕਟ ਦਾ ਐਲਾਨ ਕਰ ਦਿੰਦਾ ਹੈ । ਉਸ ਸਮੇਂ ਗਵਰਨਰ ਰਾਸ਼ਟਰਪਤੀ ਦਾ ਏਜੰਟ ਬਣ ਜਾਂਦਾ ਹੈ ਅਤੇ ਉਸ ਨੂੰ ਰਾਸ਼ਟਰਪਤੀ ਦੀ ਆਗਿਆ ਦਾ ਪਾਲਣ ਕਰਨਾ ਪੈਂਦਾ ਹੈ । ਅਜਿਹੀ ਹਾਲਤ ਵਿੱਚ ਮੰਤਰੀ ਪਰਿਸ਼ਦ ਤੋੜ ਦਿੱਤਾ ਜਾਂਦਾ ਹੈ । ਕਈ ਵਾਰੀ ਵਿਧਾਨ ਸਭਾ ਭੰਗ ਕਰ ਦਿੱਤੀ ਜਾਂਦੀ ਹੈ । ਹਾਈਕੋਰਟ ਦੀਆਂ ਸ਼ਕਤੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਸ਼ਕਤੀਆਂ ਰਾਜਪਾਲ ਦੇ ਹੱਥ ਵਿੱਚ ਆ ਜਾਂਦੀਆਂ ਹਨ । ਪੰਜਾਬ ਵਿੱਚ ਮਈ *1987* ਤੋਂ ਲੈ ਕੇ ਫਰਵਰੀ *1992* ਤੱਕ ਰਾਸ਼ਟਰਪਤੀ ਸ਼ਾਸਨ ਰਿਹਾ ਜਿਸ ਦੌਰਾਨ ਸਾਰਾ ਪ੍ਰਸ਼ਾਸਨ ਰਾਜਪਾਲ ਅਤੇ ਉਸ ਦੀ ਕੌਂਸਿਲ ਦੁਆਰਾ ਕੇਂਦਰ ਦੇ ਨਿਰਦੇਸ਼ਾਂ ਅਨੁਸਾਰ ਚਲਾਇਆ ਗਿਆ ।

### 1.3.10 ਮੰਤਰੀ ਪਰਿਸ਼ਦ ਦਾ ਵਿਧਾਨ ਮੰਡਲ ਨਾਲ ਸੰਬੰਧ (Relation between the Council of Ministers and the State Legislature)

ਮੰਤਰੀ ਪਰਿਸ਼ਦ ਅਤੇ ਰਾਜ ਵਿਧਾਨ ਮੰਡਲ ਦਾ ਵੀ ਇਕ ਦੂਜੇ ਨਾਲ ਕਾਫੀ ਡੂੰਘਾ ਸੰਬੰਧ ਹੈ । ਰਾਜ ਵਿਧਾਨ ਸਭਾ ਵਿੱਚ ਜਿਸ ਪਾਰਟੀ ਦਾ ਬਹੁਮਤ ਹੁੰਦਾ ਹੈ ਉਸ ਪਾਰਟੀ ਦੇ ਮੁੱਖੀ ਨੂੰ ਮੰਤਰੀ ਮੰਡਲ ਬਣਾਉਣ ਲਈ ਬੁਲਾਇਆ ਜਾਂਦਾ ਹੈ ਅਤੇ ਗਵਰਨਰ ਉਸੇ ਨੂੰ ਮੁੱਖ ਮੰਤਰੀ ਨਿਯੁਕਤ ਕਰਦਾ ਹੈ, ਮੰਤਰੀ ਪਰਿਸ਼ਦ ਦੇ ਸਾਰੇ ਮੈਂਬਰ ਵਿਧਾਨ ਮੰਡਲ ਦੇ ਵੀ ਮੈਂਬਰ ਹੁੰਦੇ ਹਨ । ਜਿਵੇਂ ਕਿ ਸੰਸਦੀ ਪ੍ਰਣਾਲੀ ਦਾ ਨਿਯਮ ਹੈ, ਮੰਤਰੀ ਪਰਿਸ਼ਦ ਵਿਧਾਨ ਸਭਾ ਅੱਗੇ ਉੱਤਰਦਾਈ ਹੈ । ਮੰਤਰੀ ਮੰਡਲ ਦੀ ਜ਼ਿੰਦਗੀ ਤੇ ਮੌਤ ਦੀ ਨਿਰਭਰਤਾ ਵਿਧਾਨ ਸਭਾ ਤੇ ਹੈ ।

ਵਿਧਾਨ ਸਭਾ ਕਈ ਪ੍ਰਕਾਰ ਨਾਲ ਮੰਤਰੀ ਮੰਡਲ ਤੇ ਕਾਬੂ (control) ਰੱਖਦੀ ਹੈ । ਉਦਾਹਰਣ ਵਜੋਂ ਵਿਧਾਨ ਮੰਡਲ ਦੇ ਮੈਂਬਰ ਬਹਿਸਾਂ ਰਾਹੀਂ ਸਰਕਾਰ ਦੀ ਨੁਕਤਾਚੀਨੀ ਕਰਕੇ ਮੰਤਰੀਆਂ ਤੋਂ ਪ੍ਰਸ਼ਨ ਤੇ ਪੂਰਕ ਪ੍ਰਸ਼ਨ ਪੁੱਛ ਕੇ ਸਰਕਾਰ ਨੂੰ ਆਪਹੁਦਰਾ ਬਣਨ ਤੋਂ ਰੋਕਦੇ ਹਨ । ਵਿਧਾਨ ਸਭਾ ਕੰਮ ਰੋਕ (adjournment motion) ਦਾ ਮਤਾ ਪਾਸ ਕਰਕੇ, ਮੰਤਰੀਆਂ ਦੀਆਂ ਤਨਖਾਹਾਂ ਵਿਚ ਕਟੌਤੀ ਦਾ ਮਤਾ ਪਾਸ ਕਰਕੇ, ਕੋਈ ਐਸਾ ਬਿਲ ਅਪਰਵਾਨ ਕਰਕੇ, ਜਿਸ ਨੂੰ ਮੰਤਰੀ ਮੰਡਲ ਬਹੁਤ ਜਰੂਰੀ ਸਮਝਦਾ ਹੋਵੇ ਜਾਂ ਸਪੱਸ਼ਟ ਰੂਪ ਨਾਲ ਬੇਪ੍ਰਤੀਤੀ ਦਾ ਮਤਾ ਪਾਸ ਕਰਕੇ ਮੰਤਰੀ ਮੰਡਲ ਨੂੰ ਤਿਆਗ ਪੱਤਰ ਦੇਣ ਲਈ ਮਜ਼ਬੂਰ ਕਰ ਸਕਦੀ ਹੈ । ਪਰ ਅਸਲ ਵਿੱਚ ਮੰਤਰੀਆਂ ਦਾ ਵੀ ਵਿਧਾਨ ਮੰਡਲ ਤੇ ਕਾਫੀ ਪ੍ਰਭਾਵ ਹੁੰਦਾ ਹੈ । *60* ਫੀਸਦੀ ਤੋਂ ਜ਼ਿਆਦਾ ਬਿੱਲ ਮੰਤਰੀਆਂ ਦੁਆਰਾ ਹੀ ਵਿਧਾਨ ਮੰਡਲ ਵਿੱਚ ਪੇਸ਼ ਕੀਤੇ ਜਾਂਦੇ ਹਨ । ਧਨ ਬਿੱਲ ਕੇਵਲ ਮੰਤਰੀਆਂ ਵੱਲੋਂ ਹੀ ਵਿਧਾਨ ਮੰਡਲ ਵਿਚ ਪੇਸ਼ ਕੀਤਾ ਜਾ ਸਕਦਾ ਹੈ । ਜਿੱਥੇ ਵਿਧਾਨ ਸਭਾ ਮੰਤਰੀ ਪਰਿਸ਼ਦ ਦੇ ਵਿਰੁੱਧ ਮਤਾ ਪਾਸ ਕਰਕੇ ਉਸ ਨੂੰ ਅਸਤੀਫਾ ਦੇਣ ਲਈ ਮਜ਼ਬੂਰ ਕਰ ਸਕਦੀ ਹੈ ਉਥੇ ਮੁੱਖ ਮੰਤਰੀ ਵੀ ਗਵਰਨਰ ਨੂੰ ਭੰਗ ਕਰਨ ਦੀ ਸਿਫਾਰਸ਼ ਕਰ ਸਕਦਾ ਹੈ । *1971* ਵਿਚ ਪੰਜਾਬ ਦੇ ਮੁੱਖ ਮੰਤਰੀ ਦੀ ਬੇਨਤੀ ਤੇ ਗਵਰਨਰ ਨੇ ਪੰਜਾਬ

ਦੀ ਵਿਧਾਨ ਸਭਾ ਨੂੰ ਭੰਗ ਕਰ ਦਿੱਤਾ ਸੀ । ਅਸਲ ਵਿਚ ਮੰਤਰੀ ਪਰਿਸ਼ਦ ਤੇ ਵਿਧਾਨ ਮੰਡਲ ਵਿੱਚ ਗਤੀਰੋਧ ਦੀ ਬਜਾਏ ਗੂੜ੍ਹਾ ਮੇਲ-ਜੋਲ ਬਣਿਆ ਰਹਿੰਦਾ ਹੈ ।

### 1.3.11 ਮੁੱਖ ਮੰਤਰੀ (Chief Minister)

ਸਾਡੇ ਸੰਵਿਧਾਨ ਦੇ ਅਨੁਛੇਦ 164 ਦੁਆਰਾ ਮੁੱਖ ਮੰਤਰੀ-ਰਾਜ ਵਿੱਚ ਮੰਤਰੀ ਪਰਿਸ਼ਦ ਦਾ ਆਗੂ ਮੰਨਿਆ ਗਿਆ ਹੈ । ਮੁੱਖ ਮੰਤਰੀ ਦੀ ਨਿਯੁਕਤੀ ਦਾ ਢੰਗ ਬਿਲਕੁਲ ਉਹ ਹੀ ਹੈ ਜੋ ਸੰਘੀ ਸਰਕਾਰ ਵਿੱਚ ਪ੍ਰਧਾਨ ਮੰਤਰੀ ਦੀ ਨਿਯੁਕਤੀ ਦਾ ਹੈ । ਹੁਣੇ ਹੀ ਅਸੀਂ ਪੜ੍ਹ ਚੁੱਕੇ ਹਾਂ ਜੋ ਮੁੱਖ ਮੰਤਰੀ ਆਮ ਕਰਕੇ ਵਿਧਾਨ ਸਭਾ ਵਿੱਚ ਬਹੁ-ਗਿਣਤੀ ਪ੍ਰਾਪਤ ਕਰਨ ਵਾਲੇ ਦਲ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕਰਦਾ ਹੈ ਜੋ ਗਵਰਨਰ ਦੀ ਸੂਝ ਅਨੁਸਾਰ ਰਾਜ ਵਿੱਚ ਸਥਾਈ ਸਰਕਾਰ ਬਣਾ ਸਕਦਾ ਹੋਵੇਗਾ । ਹਰਿਆਣਾ ਵਿੱਚ 1982 ਵਿੱਚ ਚੋਣ ਬਾਅਦ ਕਿਸੇ ਵੀ ਦਲ ਨੂੰ ਬਹੁਮਤ ਨਹੀਂ ਮਿਲਿਆ । ਲੋਕ ਦਲ ਦੇ ਨੇਤਾ ਦੇਵੀ ਲਾਲ ਅਤੇ ਕਾਂਗਰਸ ਆਈ ਨੇਤਾ ਭਜਨ ਲਾਲ ਦੋਹਾਂ ਨੇ ਆਜ਼ਾਦ ਉਮੀਦਵਾਰਾਂ ਦੀ ਮਦਦ ਨਾਲ ਸਰਕਾਰ ਬਣਾਉਣ ਦਾ ਦਾਅਵਾ ਕੀਤਾ । ਰਾਜਪਾਲ ਨੇ ਭਜਨ ਲਾਲ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਤੇ ਇਕ ਮਹੀਨੇ ਦੇ ਅੰਦਰ ਬਹੁਮਤ ਸਿੱਧ ਕਰਨ ਲਈ ਕਿਹਾ । ਕਈ ਵਾਰ ਦਲ ਮਿਲ ਕੇ ਮਿਲੀ-ਜੁਲੀ ਸਰਕਾਰ ਬਣਦੀ ਹੈ 1969 ਵਿਚ ਅਕਾਲੀ ਅਤੇ ਜਨਸੰਘ ਦਲਾਂ ਨੇ ਮਿਲ ਕੇ ਸਰਕਾਰ ਬਣਾਈ । ਇਸ ਤਰੀਕੇ ਨਾਲ ਗਵਰਨਰ ਨੂੰ ਆਪਣੀ ਮਰਜ਼ੀ ਤੋਂ ਕੰਮ ਲੈਣ ਦਾ ਬਹੁਤ ਘੱਟ ਮੌਕਾ ਮਿਲਦਾ ਜੇ ਗਵਰਨਰ ਬਦੋ-ਬਦੀ ਆਪਣੀ ਇੱਛਾ ਅਨੁਸਾਰ ਕਿਸੇ ਵਿਅਕਗਤੀ ਨੂੰ ਮੁੱਖ ਮੰਤਰੀ ਬਣਾ ਦੇਵੇ ਅਤੇ ਉਸ ਵਿਅਕਤੀ ਨੂੰ ਵਿਧਾਨ ਮੰਡਲ ਦਾ ਵਿਸ਼ਵਾਸ ਪ੍ਰਾਪਤ ਨਾ ਹੋਵੇ ਤਾਂ ਸਰਕਾਰ ਸਥਾਈ ਰੂਪ ਨਾਲ ਟਿਕੀ ਨਹੀਂ ਰਹਿ ਸਕਦੀ ਹੈ ਜੇ ਗੜਬੜ ਪੈ ਜਾਵੇ ਅਤੇ ਮੰਤਰੀ ਮੰਡਲ ਸਥਾਈ ਨਾ ਰਹਿ ਸਕੇ ਤਾਂ ਉਸ ਵਿੱਚ ਗਵਰਨਰ ਆਪਣਾ ਸ਼ਾਸਨ ਸਥਾਪਿਤ ਕਰ ਦੇਵੇਗਾ ਜਿਵੇਂ ਕਿ 1969 ਦੀਆਂ ਚੋਣਾਂ ਪਿਛੋਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਬੰਗਾਲ ਵਿੱਚ ਹੋਇਆ ਅਤੇ ਇਨ੍ਹਾਂ ਵਿੱਚ ਮੁੜ ਚੋਣਾਂ ਕਰਵਾਈਆਂ ਗਈਆਂ ।

### 1.3.12 ਮੁੱਖ ਮੰਤਰੀ ਦੀਆਂ ਸ਼ਕਤੀਆਂ (Power of the Chief Minister )

ਰਾਜ ਵਿੱਚ ਮੁੱਖ ਮੰਤਰੀ ਦੇ ਕੰਮ ਅਤੇ ਉਸ ਦੀ ਸਥਿਤੀ ਉਹੀ ਹੈ ਜੋ ਸੰਘੀ ਸਰਕਾਰ ਵਿੱਚ ਪ੍ਰਧਾਨ ਮੰਤਰੀ ਦੀ ਹੈ । ਹੁਣ ਅਸੀਂ ਮੁੱਖ ਮੰਤਰੀ ਦੀਆਂ ਸ਼ਕਤੀਆਂ ਅਤੇ ਉਸ ਦੀ ਸਥਿਤੀ ਦਾ ਵੱਖ-ਵੱਖ ਪੱਖਾਂ ਤੋਂ ਅਧਿਐਨ ਕਰਦੇ ਹਾਂ :

- (i) ਮੰਤਰੀ ਪਰਿਸ਼ਦ ਦੇ ਨੇਤਾ ਦੇ ਤੌਰ ਤੇ
- (ii) ਵਿਧਾਨ ਸਭਾ ਦੇ ਨੇਤਾ ਦੇ ਰੂਪ ਵਿੱਚ
- (iii) ਆਪਣੇ ਦਲ ਦੇ ਨੇਤਾ ਵਜੋਂ
- (iv) ਗਵਰਨਰ ਦੇ ਮੁੱਖ ਸਲਾਹਕਾਰ ਵਜੋਂ

### (i) ਮੰਤਰੀ ਪਰਿਸ਼ਦ ਦੇ ਨੇਤਾ ਦੇ ਤੌਰ ਤੇ (As Leader of the Council of Ministers)

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਸੰਵਿਧਾਨ ਦਾ ਅਨੁਛੇਦ 164 ਮੁੱਖ ਮੰਤਰੀ ਨੂੰ ਰਾਜ ਵਿਚ ਮੰਤਰੀ ਪਰਿਸ਼ਦ ਦਾ ਨੇਤਾ ਸਥਾਪਤ ਕਰਦਾ ਹੈ । ਉਹ ਆਪਣੇ ਸਾਥੀਆਂ ਨੂੰ ਚੁਣਦਾ ਹੈ, ਉਨ੍ਹਾਂ ਵਿੱਚ ਕੰਮਾਂ ਦੀ ਵੰਡ ਕਰਦਾ ਹੈ ਅਤੇ ਮੰਤਰੀ ਮੰਡਲ ਦਾ ਕੰਮ ਚਲਾਉਂਦਾ ਹੈ । ਉਹ ਮੰਤਰੀ ਮੰਡਲ ਵਿਚ ਅਦਲਾ-ਬਦਲੀ ਵੀ ਕਰ ਸਕਦਾ ਹੈ ਅਤੇ ਵਿਭਾਗਾਂ ਦੀ ਵੰਡ ਵਿੱਚ ਅਦਲਾ-ਬਦਲੀ ਵੀ ਕਰ ਸਕਦਾ ਹੈ । ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ । ਭਾਵੇਂ ਹੋਰ ਮੰਤਰੀ ਨੂੰ ਮੰਤਰੀ ਮੰਡਲ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁਲ੍ਹ ਹੁੰਦੀ ਹੈ । ਪਰ ਫਿਰ ਵੀ ਉਸ ਨੂੰ ਮੁੱਖ ਮੰਤਰੀ ਦੇ ਦ੍ਰਿਸ਼ਟੀਕੋਣ ਨਾਲ ਸਹਿਮਤ ਹੋਣਾ ਪੈਂਦਾ ਹੈ ਅਤੇ ਜਿਹੜਾ ਮੰਤਰੀ ਇਉਂ ਨਹੀਂ ਕਰ ਸਕਦਾ ਉਸ ਲਈ ਯੋਗ ਹੈ ਕਿ ਮੰਤਰੀ ਪਰਿਸ਼ਦ ਤੋਂ ਤਿਆਗ ਪੱਤਰ ਦੇਵੇ, ਨਹੀਂ ਤਾਂ ਮੁੱਖ ਮੰਤਰੀ ਗਵਰਨਰ ਨੂੰ ਉਸ ਮੰਤਰੀ ਨੂੰ ਹਟਾਉਣ ਦੀ ਸਲਾਹ ਦੇ ਸਕਦਾ ਹੈ । ਜੇਕਰ ਮੁੱਖ ਮੰਤਰੀ ਤਿਆਗ-ਪੱਤਰ ਦੇ ਦੇਵੇ ਤਾਂ ਉਸ ਨੂੰ ਸਾਰੇ ਮੰਤਰੀ ਮੰਡਲ ਦਾ ਤਿਆਰ-ਪੱਤਰ ਸਮਝਿਆ ਜਾਂਦਾ ਹੈ । ਮੁੱਖ ਮੰਤਰੀ ਹੀ ਪਰਿਸ਼ਦ ਬਣਾਉਂਦਾ ਹੈ, ਉਹ ਹੀ ਇਸ ਨੂੰ ਚਾਲੂ ਰੱਖਦਾ ਹੈ ਅਤੇ ਇਸ ਨੂੰ ਤੋੜ ਸਕਦਾ ਹੈ ।

**(ii) ਵਿਧਾਨ ਸਭਾ ਦੇ ਨੇਤਾ ਦੇ ਰੂਪ ਵਜੋਂ (As Leader of Legislative Assembly)**

ਗਵਰਨਰ ਉਸ ਵਿਅਕਤੀ ਨੂੰ ਮੁੱਖ ਮੰਤਰੀ ਦੇ ਪਦ ਤੇ ਨਿਯੁਕਤ ਕਰਦਾ ਹੈ । ਜਿਸ ਨੂੰ ਰਾਜ ਵਿਧਾਨ ਸਭਾ ਵਿੱਚ ਬਹੁ-ਗਿਣਤੀ ਦਾ ਸਮਰਥਨ ਪ੍ਰਾਪਤ ਹੋਵੇਗਾ । ਇਸ ਤਰੀਕੇ ਨਾਲ ਮੁੱਖ ਮੰਤਰੀ ਵਿਧਾਨ ਮੰਡਲ ਦਾ ਵੀ ਨੇਤਾ ਹੈ । ਸਰਕਾਰ ਦੀਆਂ ਮੁੱਖ ਨੀਤੀਆਂ ਦਾ ਐਲਾਨ ਵਿਧਾਨ ਮੰਡਲ ਵਿੱਚ ਮੁੱਖ ਮੰਤਰੀ ਹੀ ਕਰਦਾ ਹੈ । ਉਹ ਸਪੀਕਰ ਨਾਲ ਮਿਲ ਕੇ ਵੀ ਵਿਧਾਨ ਸਭਾ ਦਾ ਕਾਰਜ ਨਿਸ਼ਚਿਤ ਕਰਦਾ ਹੈ ਅਤੇ ਸਭਾ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਸਪੀਕਰ ਦੀ ਸਹਾਇਤਾ ਕਰਦਾ ਹੈ । ਮੁੱਖ ਮੰਤਰੀ ਗਵਰਨਰ ਨੂੰ ਵਿਧਾਨ ਸਭਾ ਭੰਗ ਕਰਨ ਦੀ ਸਲਾਹ ਦੇ ਸਕਦਾ ਹੈ ।

**(iii) ਆਪਣੇ ਦਲ ਦੇ ਨੇਤਾ ਵਜੋਂ (As Leader of the Party)**

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਵਿਧਾਨ ਸਭਾ ਵਿੱਚ ਦਲ ਦੀ ਵੀ ਬਹੁ-ਸੰਮਤੀ ਹੁੰਦੀ ਹੈ, ਉਸ ਦੇ ਨੇਤਾ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ ਜਾਂਦਾ ਹੈ । ਇਸ ਤਰੀਕੇ ਨਾਲ ਮੁੱਖ ਮੰਤਰੀ ਆਪਣੇ ਦਲ ਦਾ ਅਤੇ ਵਧੇਰੇ ਕਰਕੇ ਵਿਧਾਨ ਮੰਡਲ ਵਿਚ ਆਪਣੇ ਦਲ ਦੇ ਮੈਂਬਰਾਂ ਦਾ ਨੇਤਾ ਹੁੰਦਾ ਹੈ ਅਤੇ ਸਾਰੇ ਮੈਂਬਰ ਉਸ ਦੀ ਸਲਾਹ ਨਾਲ ਚਲਦੇ ਹਨ । ਉਹ ਪਾਰਟੀ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਵਿਧਾਨ ਮੰਡਲ ਉਤੇ ਕੋਈ ਵੀ ਕਾਨੂੰਨ ਬਣਾਉਣ ਲਈ ਜ਼ੋਰ ਦੇ ਸਕਦਾ ਹੈ ।

**(iv) ਗਵਰਨਰ ਦੇ ਮੁੱਖ ਸਲਾਹਕਾਰ ਵਜੋਂ (As Advisor to the governor)**

ਰਾਜ ਵਿੱਚ ਮੁੱਖ ਮੰਤਰੀ ਗਵਰਨਰ ਦਾ ਸਲਾਹਕਾਰ ਹੈ : (1) ਕਾਨੂੰਨਾਂ ਸੰਬੰਧੀ ਅਤੇ ਰਾਜ ਦੇ ਮਾਮਲਿਆਂ ਦਾ ਪ੍ਰਬੰਧ ਨਾਲ ਸੰਬੰਧਕ ਮੰਤਰੀ ਪਰਿਸ਼ਦ ਦੇ ਸਭ ਫੈਸਲਿਆਂ ਦੀ ਸੂਚਨਾ ਗਵਰਨਰ ਨੂੰ ਦਿੰਦਾ ਹੈ । (2) ਗਵਰਨਰ ਦੇ ਕਹਿਣ ਤੇ ਰਾਜ ਸੰਬੰਧੀ ਹਰ ਮਾਮਲੇ ਦੀ ਸੂਚਨਾ ਉਸ ਨੂੰ ਦਿੰਦਾ ਹੈ । (3) ਗਵਰਨਰ ਦੀ ਇੱਛਾ ਅਨੁਸਾਰ ਕਿਸੇ ਅਜਿਹੇ ਮਾਮਲੇ ਨੂੰ ਜਿਸ ਉਤੇ ਕਿਸੇ ਮੰਤਰੀ ਨੇ ਨਿਰਣਾ ਲਿਆ ਹੋਵੇ ਪਰ ਮੰਤਰੀ ਪਰਿਸ਼ਦ ਨੇ ਵਿਚਾਰ ਨਾ ਕੀਤਾ ਹੋਵੇ, ਮੰਤਰੀ ਪਰਿਸ਼ਦ ਵਿਚ ਵਿਚਾਰ ਕਰਨ ਲਈ ਰੱਖ ਸਕਦਾ ਹੈ । (4) ਗਵਰਨਰ ਨੂੰ ਉਸ ਦੇ ਕੰਮ ਵਿੱਚ ਸਲਾਹ ਦਿੰਦਾ ਹੈ ਜਿਵੇਂ ਰਾਜ ਲੋਕ ਸੇਵਾ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ, ਐਡਵੋਕੇਟ ਜਨਰਲ ਦੀ ਨਿਯੁਕਤੀ, ਯੂਨੀਵਰਸਿਟੀਆਂ ਦੇ ਉਪ-ਕੁਲਪਤੀਆਂ ਦੀ ਨਿਯੁਕਤੀ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਦੀਆਂ ਨਿਯੁਕਤੀਆਂ ਅਤੇ ਲੋਕਾਂ ਨੂੰ ਮਾਨ ਉਪਾਧੀਆਂ ਦੇਣ ਸੰਬੰਧੀ ।

ਉਪਰਲੇ ਕੰਮਾਂ ਤੋਂ ਇਲਾਵਾ ਮੁੱਖ ਮੰਤਰੀ ਜਨਤਾ ਦਾ ਨੇਤਾ ਵੀ ਹੁੰਦਾ ਹੈ ਸਮਾਜਕ ਅਤੇ ਦੂਜੇ ਸਮਾਗਮਾਂ ਵਿਚ ਉਸ ਦੀ ਤਾਂਘ ਕੀਤੀ ਜਾਂਦੀ ਹੈ । ਆਪਣੇ ਕੰਮਾਂ ਦੀ ਪੂਰਤੀ ਅਤੇ ਸ਼ਿਕਾਇਤਾਂ ਦੀ ਨਵਿਰਤੀ ਲਈ ਰਾਜ ਦੇ ਮੁੱਖ ਮੰਤਰੀ ਵੱਲ ਹੀ ਤੱਕਦੇ ਹਨ ।

ਮੁੱਖ ਮੰਤਰੀ ਦੀਆਂ ਸ਼ਕਤੀਆਂ ਸੰਵਿਧਾਨ ਵਿਚ ਨਹੀਂ ਦਿੱਤੀਆਂ ਗਈਆਂ । ਉਹ ਅਸਲ ਉੱਤੇ ਨਿਰਭਰ ਹੈ, ਉਸ ਦੀ ਆਪਣੀ ਸਖਸ਼ੀਅਤ ਅਤੇ ਸਾਥੀਆਂ ਦਾ ਸਹਿਯੋਗ, ਜਿਹੜਾ ਮੁੱਖ ਮੰਤਰੀ ਬੜੇ ਰੋਹਬਦਾਰ ਵਾਲਾ ਅਤੇ ਸਿਆਣਾ ਹੈ ਅਤੇ ਨਾਂਲ ਉਸ ਨੂੰ ਸਾਥੀਆਂ ਦਾ ਪੂਰਨ ਸਹਿਯੋਗ ਪ੍ਰਾਪਤ ਹੈ, ਉਹ ਆਪਣੀ ਪਦਵੀ ਦੀ ਸ਼ਾਨ ਉੱਚੀ ਕਰ ਸਕਦਾ ਹੈ ।

**1.3.13 ਗਵਰਨਰ ਤੇ ਮੁੱਖ ਮੰਤਰੀ (Governor and the Chief Minister)**

ਆਸ ਹੈ ਕਿ ਮੁੱਖ ਮੰਤਰੀ ਦੀ ਨਿਯੁਕਤੀ, ਉਸ ਦੀਆਂ ਸ਼ਕਤੀਆਂ ਅਤੇ ਉਸ ਦੀ ਪੋਜੀਸ਼ਨ ਬਾਰੇ ਸਮਝ ਗਏ ਹੋਵੋਗੇ । ਹੁਣ ਅਸੀਂ ਇਸ ਗੱਲ ਤੇ ਵਿਚਾਰ ਕਰਾਂਗੇ ਕਿ ਮੁੱਖ ਮੰਤਰੀ ਦਾ ਗਵਰਨਰ ਨਾਲ ਕੀ ਸੰਬੰਧ ਹੈ । ਇਹ ਗੱਲ ਹੁਣ ਫਿਰ ਦੁਹਰਾਉਣ ਦੀ ਲੋੜ ਨਹੀਂ ਕਿ ਮੁੱਖ ਮੰਤਰੀ ਗਵਰਨਰ ਦਾ ਮੁੱਖ ਸਲਾਹਕਾਰ ਹੁੰਦਾ ਹੈ । ਅਸਲ ਵਿੱਚ ਰਾਜਾਂ ਵਿੱਚ ਸੰਸਦੀ ਪ੍ਰਣਾਲੀ ਸਥਾਪਤ ਕੀਤੀ ਗਈ ਹੈ ਅਤੇ ਇਸ ਪ੍ਰਣਾਲੀ ਦਾ ਇੱਕ ਲੱਛਣ ਇਹ ਹੈ ਕਿ ਰਾਜ ਦਾ ਮੁਖੀ ਭਾਵ ਰਾਜਪਾਲ, ਨਾ-ਮਾਤਰ ਦਾ ਮੁਖੀਆ ਹੁੰਦਾ ਹੈ, ਸਰਕਾਰ ਦਾ ਮੁਖੀਆ ਨਹੀਂ ਹੁੰਦਾ । ਪਰ ਸਾਡੇ ਸੰਵਿਧਾਨ ਵਿੱਚ ਗਵਰਨਰਾਂ ਨੂੰ ਕੁਝ ਵਿਵੇਕੀ ਸ਼ਕਤੀਆਂ ਵੀ ਦਿੱਤੀਆਂ ਗਈਆਂ ਹਨ ਅਤੇ ਜਿਨ੍ਹਾਂ ਮਾਮਲਿਆਂ ਵਿੱਚ ਉਸ ਨੇ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਕਰਨਾ ਹੁੰਦਾ ਉਨ੍ਹਾਂ ਵਿਚ ਉਹ ਰਾਜ ਦੇ ਮੰਤਰੀ ਮੰਡਲ ਦੀ ਸਲਾਹ ਲੈਣ ਦਾ ਪਾਬੰਦ ਨਹੀਂ । ਜਦ ਤਕ ਸਾਰੇ ਰਾਜਾਂ ਵਿੱਚ ਕਾਂਗਰਸ ਸਰਕਾਰਾਂ ਰਹੀਆਂ ਕਾਂਗਰਸ ਦੇ ਮੁੱਖ

ਮੰਤਰੀ ਕਾਂਗਰਸ ਸਹਾਈ ਕਮਾਂਡ ਦੇ ਇਸ਼ਾਰਿਆਂ ਤੇ ਚਲਦੇ ਰਹੇ ਅਤੇ ਗਵਰਨਰ ਉਨ੍ਹਾਂ ਦੀਆਂ ਸਲਾਹਾਂ ਨੂੰ ਪ੍ਰਵਾਨ ਕਰਦੇ ਰਹੇ । ਸੰਨ 1967 ਦੀਆਂ ਚੋਣਾਂ ਪਿੱਛੋਂ ਜਦੋਂ ਕੁਝ ਰਾਜਾਂ ਵਿੱਚ ਕਾਂਗਰਸ ਵਿਰੋਧੀ ਸਰਕਾਰਾਂ ਸਥਾਪਤ ਹੋ ਗਈਆਂ ਤਾਂ ਕਈ ਰਾਜਾਂ ਵਿੱਚ ਮੁੱਖ ਮੰਤਰੀ ਤੇ ਗਵਰਨਰ ਵਿੱਚ ਚੋਖੇ ਮਤਭੇਦ ਪੈਦਾ ਹੋਣੇ ਸ਼ੁਰੂ ਹੋ ਗਏ । ਸੰਨ 1969 ਵਿਚ ਬੰਗਾਲ ਦੇ ਗਵਰਨਰ ਨੇ ਵਿਧਾਨ ਮੰਡਲ ਦਾ ਸਮਾਗਮ ਸ਼ੁਰੂ ਕਰਨ ਲੱਗਿਆਂ ਜੋ ਭਾਸ਼ਣ ਦੇਣਾ ਸੀ ਉਸ ਦੇ ਕੁਝ ਅੰਸ਼ ਨਾ ਪੜੇ ( ਇਹ ਭਾਸ਼ਨ ਮੰਤਰੀ ਮੰਡਲ ਦੁਆਰਾ ਤਿਆਰ ਕੀਤਾ ਜਾਂਦਾ ਹੈ) ਕਿਉਂ ਜੋ ਉਸ ਭਾਸ਼ਨ ਵਿਚ ਕਈ ਗੱਲਾਂ ਕੇਂਦਰੀ ਸਰਕਾਰ ਦੇ ਵਤੀਰੇ ਦੇ ਵਿਰੁੱਧ ਸਨ । ਐਧਰ ਪੰਜਾਬ ਦੇ ਗਵਰਨਰ ਨੇ ਉਹ ਭਾਸ਼ਨ ਜਿਸ ਵਿੱਚ ਪਿਛਲੀ ਸਰਕਾਰ ਦੀ ਆਲੋਚਨਾ ਕੀਤੀ ਗਈ ਸੀ, ਅੱਖਰ-ਅੱਖਰ ਪੜ੍ਹ ਦਿੱਤਾ । 1967 ਤੋਂ ਲੈ ਕੇ ਹੁਣ ਤੱਕ ਲਗਾਤਾਰ ਇਹੋ ਸਥਿਤੀ ਪੈਦਾ ਹੁੰਦੀ ਰਹੀ ਕਿ ਕੇਂਦਰ ਅਤੇ ਰਾਜਾਂ ਵਿੱਚ ਵੱਖ-ਵੱਖ ਦਲਾਂ ਦੀਆਂ ਸਰਕਾਰਾਂ ਅਕਸਰ ਬਣਦੀਆਂ ਰਹੀਆਂ ਹਨ । ਜਿਸ ਰਾਜ ਵਿਚ ਉਸੇ ਦਲ ਦੀ ਸਰਕਾਰ ਹੁੰਦੀ ਹੈ ਜਿਹੜੀ ਕੇਂਦਰ ਵਿਚ ਹੋਵੇ ਤਾਂ ਮੁੱਖ ਮੰਤਰੀ ਸਿੱਧੇ ਕੇਂਦਰੀ ਹਾਈ ਕਮਾਂਡ ਦੇ ਅਨੁਸਾਰ ਚਲਦਾ ਹੈ । ਜਿਥੇ ਵਿਰੋਧੀ ਦਲ ਦੀ ਸਰਕਾਰ ਹੋਵੇ ਉਥੇ ਅਕਸਰ ਰਾਜਪਾਲ ਅਤੇ ਮੁੱਖ ਮੰਤਰੀ ਵਿਚ ਮਤਭੇਦ ਚਲਦਾ ਰਹਿੰਦਾ ਹੈ ।

ਸਾਡੇ ਸੰਵਿਧਾਨ ਦੇ ਅਨੁਛੇਦ 164 ਵਿਚ ਜਿਥੇ ਇਹ ਕਿਹਾ ਗਿਆ ਹੈ ਕਿ ਗਵਰਨਰ ਉਨ੍ਹਾਂ ਮਾਮਲਿਆਂ ਵਿਚ ਜਿਨ੍ਹਾਂ ਵਿੱਚ ਉਸ ਨੇ ਸੰਵਿਧਾਨ ਅਨੁਸਾਰ ਆਪਣੀ ਮਨਮਰਜੀ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰਨਾ ਹੈ ਮੰਤਰੀ ਮੰਡਲ ਦੀ ਸਲਾਹ ਨਾਲ ਬੰਨਿਆ ਹੋਇਆ ਨਹੀਂ ਹੋਵੇਗਾ, ਉਥੇ ਵੀ ਇਹ ਗੱਲ ਕਹੀ ਗਈ ਹੈ ਕਿ ਜੇ ਕਿਤੇ ਮਤਭੇਦ ਪੈਦਾ ਹੋ ਜਾਵੇ ਕਿ ਇਸ ਮਾਮਲੇ ਵਿੱਚ ਗਵਰਨਰ ਨੇ ਆਪਣੀ ਵਿਸ਼ੇਸ਼ ਸ਼ਕਤੀ ਦਾ ਪ੍ਰਯੋਗ ਕਰਨਾ ਹੈ ਕਿ ਨਹੀਂ ਤਾਂ ਉਸ ਮਾਮਲੇ ਵਿਚ ਗਵਰਨਰ ਦਾ ਨਿਰਣਾ ਅੰਤਿਮ ਹੋਵੇਗਾ । ਇਸ ਗੱਲ ਨੂੰ ਕਾਨੂੰਨ ਦੁਆਰਾ ਨਹੀਂ ਵੰਗਾਰਿਆ ਜਾਵੇਗਾ ਕਿ ਗਵਰਨਰ ਆਪਣੇ ਮੰਤਰੀਆਂ ਦੀ ਸਲਾਹ ਲੈਣੀ ਚਾਹੀਦੀ ਸੀ ਅਤੇ ਆਪਣੀ ਸਵੈ-ਇੱਛਾ ਦਾ ਪ੍ਰਯੋਗ ਨਹੀਂ ਸੀ ਕਰਨਾ ਚਾਹੀਦਾ ।

ਰਾਜ ਦੇ ਨਿਰਵਿਘਨ ਤੇ ਸਯੋਗ ਸ਼ਾਸਨ ਦਾ ਮੁੱਖ ਆਧਾਰ ਗਵਰਨਰ ਦੀ ਸਖਸ਼ੀਅਤ, ਉਸ ਦੀ ਯੋਗਤਾ ਅਤੇ ਉਸ ਦੇ ਮੰਤਰੀ ਪਰਿਸ਼ਦ ਨਾਲ ਸੰਬੰਧਾਂ ਵਿਚ ਇਕਸਾਰਤਾ ਅਤੇ ਸਹਿਯੋਗ ਹੈ । ਪਰ ਤਜ਼ਰਬੇ ਤੋਂ ਇਹ ਪਤਾ ਲੱਗਦਾ ਹੈ ਕਿ ਕਈ ਵਾਰੀ ਦੋਵੇਂ ਇੱਕ-ਦੂਜੇ ਨਾਲ ਚੰਗੀ ਤਰ੍ਹਾਂ ਨਹੀਂ ਚਲ ਸਕਦੇ, ਖਾਸ ਕਰ ਉਦੋਂ ਰਾਜ ਵਿਚ ਸੱਤਾਧਾਰੀ ਪਾਰਟੀ ਨਾਲੋਂ ਕੇਂਦਰ ਵਿੱਚ ਕਿਸੇ ਵੱਖਰੀ ਪਾਰਟੀ ਦੀ ਸਰਕਾਰ ਹੋਵੇ । ਚੌਥੀ ਆਮ ਚੋਣਾਂ ਤੋਂ ਪਿਛੋਂ ਦੇਖਣ ਵਿਚ ਆਇਆ ਹੈ ਕਿ ਗਵਰਨਰਾਂ ਨੇ ਕੁਝ ਅਜਿਹੇ ਵਿਵੇਕ ਫੈਸਲੇ ਲਏ ਜੋ ਸੰਸਦੀ ਪ੍ਰਕਾਰ ਦੀ ਸਰਕਾਰ ਵਿੱਚ ਮੰਤਰੀ ਪਰਿਸ਼ਦ ਦੇ ਅਧਿਕਾਰ ਖੇਤਰ ਵਿੱਚ ਆਉਣੇ ਚਾਹੀਦੇ ਹਨ । ਇਹ ਸਭ ਗਵਰਨਰ ਰਾਜ ਦੇ ਪ੍ਰਸ਼ਾਸਨ ਉਤੇ ਅਸਿੱਧੇ ਰੂਪ ਵਿੱਚ ਕਾਫੀ ਅਸਰ ਪਾ ਸਕਦਾ ਹੈ ਖਾਸ ਕਰ ਜਦੋਂ ਉਸ ਨੂੰ ਮੁੱਖ ਮੰਤਰੀ ਦਾ ਵਿਸ਼ਵਾਸ ਤੇ ਆਦਰ ਪ੍ਰਾਪਤ ਹੋਵੇ । ਐਮ. ਪੀ. ਸ਼ਰਮਾ ਦੇ ਸ਼ਬਦਾਂ ਅਨੁਸਾਰ "ਇਕ ਅਜਿਹਾ ਖੇਤਰ ਵੀ ਹੈ ਜਿਸ ਵਿਚ ਯੋਗ ਅਤੇ ਕ੍ਰਿਆਸ਼ੀਲ ਗਵਰਨਰ ਵਿਲੱਖਣ ਰੋਲ ਅਦਾ ਕਰ ਸਕਦਾ ਹੈ ਅਤੇ ਆਪਣਾ ਨਾਂ ਕਮਾ ਸਕਦਾ ਹੈ, ਉਹ ਹੈ, ਕਲਾ, ਸੰਸਕ੍ਰਿਤੀ ਜਨ ਸੇਵਾ ਅਤੇ ਸਮਾਜਿਕ ਕੰਮਾਂ ਦਾ ਖੇਤਰ ।" ਇਸ ਲਈ ਪ੍ਰਸ਼ਾਸਕੀ ਅਤੇ ਰਾਜਨੀਤਿਕ ਖੇਤਰਾਂ ਵਿਚ ਮੁੱਖ ਮੰਤਰੀ ਅਤੇ ਉਸ ਦੇ ਸਾਥੀ ਮੰਤਰੀਆਂ ਦੀ ਸਰਵ-ਉੱਚਤਾ ਨੂੰ ਹੀ ਮੰਨਿਆ ਜਾਣਾ ਚਾਹੀਦਾ ਹੈ ।

ਸਾਡਾ ਸੰਵਿਧਾਨ ਬਣਾਉਣ ਵਾਲਿਆਂ ਨੇ ਪੂਰਣ ਸੰਘਾਤਮਕ ਢਾਂਚੇ ਦਾ ਸੰਵਿਧਾਨ ਨਹੀਂ ਬਣਾਇਆ ਅਤੇ ਕੇਂਦਰ ਨੂੰ ਵਧੇਰੇ ਸ਼ਕਤੀਆਂ ਹਨ । ਪਰ ਹੁਣ ਬਦਲੇ ਹੋਏ ਸਮੇਂ ਅਨੁਸਾਰ ਇਹ ਯੋਗ ਹੋਵੇਗਾ ਕਿ ਸੰਵਿਧਾਨ ਵਿੱਚ ਉਹ ਹਾਲਤਾਂ ਸਪੱਸ਼ਟ ਕਰਕੇ ਲਿਖ ਦਿੱਤੀਆਂ ਜਾਣ ਜਿਨ੍ਹਾਂ ਵਿਚ ਗਵਰਨਰ ਆਪਣੀ ਸਵੈ-ਇੱਛਾ ਦਾ ਪ੍ਰਯੋਗ ਕਰ ਸਕਦਾ ਹੈ ਤਾਂ ਕਿ ਬਾਕੀ ਸਭ ਮਾਮਲਿਆਂ ਵਿਚ ਉਹ ਮੁੱਖ ਮੰਤਰੀ ਦੀ ਸਲਾਹ ਤੇ ਚੱਲੇ ਅਤੇ ਕੇਵਲ ਨਾ-ਮਾਤਰ ਦਾ ਮੁਖੀਆ ਹੀ ਬਣ ਕੇ ਕੰਮ ਕਰੇ ।

### 1.3.14 ਸਾਰੰਸ਼

ਇਸ ਪਾਠ ਵਿੱਚ ਅਸੀਂ ਰਾਜ ਦੇ ਮੰਤਰੀ ਪਰਿਸ਼ਦ ਬਾਰੇ ਵਿਚਾਰ ਕੀਤੀ ਹੈ । ਰਾਜ ਵਿਚ ਸੰਸਦੀ ਪ੍ਰਕਾਰ ਦੀ ਸਰਕਾਰ ਹੋਣ ਕਰਕੇ ਰਾਜ ਮੰਤਰੀ ਮੰਡਲ ਦਾ ਢਾਂਚਾ ਤੇ ਸੰਗਠਨ ਕੇਂਦਰੀ ਮੰਤਰੀ ਮੰਡਲ ਵਾਂਗ ਹੀ ਹੈ ਮੰਤਰੀ

ਮੰਡਲ ਵਿਚ ਵਿਧਾਨ ਪਾਲਿਕਾ ਦੇ ਮੈਂਬਰ ਹੋਣੇ ਚਾਹੀਦੇ ਹਨ ਅਤੇ ਮੁੱਖ ਮੰਤਰੀ ਵਿਧਾਨ ਸਭਾ ਵਿੱਚ ਬਹੁ-ਗਿਣਤੀ ਪਾਰਟੀ ਦਾ ਨੇਤਾ ਹੁੰਦਾ ਹੈ । ਮੰਤਰੀ ਮੰਡਲ ਵਿਧਾਨ ਸਭਾ ਪ੍ਰਤੀ ਉਤਰਦਾਈ ਹੁੰਦਾ ਹੈ । ਗਵਰਨਰ ਪਾਸ ਵਿਵੇਕੀ ਸ਼ਕਤੀ ਹੋਣ ਕਾਰਣ ਰਾਜ ਮੰਤਰੀ ਮੰਡਲ ਉਤਨਾ ਸ਼ਕਤੀਸ਼ਾਲੀ ਨਹੀਂ ਜਿੰਨਾਂ ਕੇਂਦਰੀ, ਮੰਤਰੀ ਮੰਡਲ ਨੂੰ ਬਰਖਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰਵਾਇਆ ਜਾ ਸਕਦਾ ਹੈ । ਪਰ ਆਮ ਕਰਕੇ ਗਵਰਨਰ ਸ਼ਾਸਨ ਦੇ ਕੰਮ ਵਿਚ ਦਖਲ ਨਹੀਂ ਦੇਂਦੇ ਅਤੇ ਮੰਤਰੀ ਮੰਡਲ ਦੀ ਰਾਏ ਅਨੁਸਾਰ ਹੀ ਕੰਮ ਕਰਦੇ ਹਨ ।

### 1.3.15 ਸਵੈ ਅਭਿਆਸ ਲਈ ਪ੍ਰਸ਼ਨ

(i) ਰਾਜ ਮੰਤਰੀ ਪਰਿਸ਼ਦ ਦਾ ਨਿਰਮਾਣ ਕਿਸ ਤਰ੍ਹਾਂ ਤੇ ਕੌਣ ਕਰਦਾ ਹੈ ।

(ii) ਮੁੱਖ ਮੰਤਰੀ ਦੀ ਨਿਯੁੱਕਤੀ ਕੌਣ ਤੇ ਕਿਸ ਤਰ੍ਹਾਂ ਕੀਤੀ ਜਾਂਦੀ ਹੈ ।

(iii) ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਵਿਚ ਕੀ ਅੰਤਰ ਹੈ ।

(iv) ਮੰਤਰੀ ਪਰਿਸ਼ਦ ਦੀਆਂ ਵਿਸ਼ੇਸਤਾਵਾਂ ਦੱਸੋ ।

(v) ਮੰਤਰੀ ਮੰਡਲ ਦੇ ਜਰੂਰੀ ਕੰਮ ਲਿਖੋ ।

(vi) ਮੁੱਖ ਮੰਤਰੀ ਦੀ ਨਿਯੁਕਤੀ ਤੇ ਸ਼ਕਤੀਆਂ ਲਿਖੋ ।

### 1.3.16 Suggested Books


| | | | |
|---|---|---|---|
| 1. | M.P. Sharma | : | The Govt. of Indian Republic (Eng. and Hindi) pp.256-261 chapter 9. |
| 2. | A.S. Bhatia | : | Indian Constitution and Administration (Pbi. Ed.) |
| 3. | S.S. Nanda | : | Bharati Rajnitik Parnali (Pbi.Ed.) |

**ਪਾਠ ਨੰ: 1.4**

## ਹਾਈ ਕੋਰਟ
## (High Court)

1.4.0 ਪਾਠ ਦੀ ਭੂਮਿਕਾ
1.4.1 ਹਾਈ ਕੋਰਟਾਂ ਦੀ ਰਚਨਾ
1.4.2 ਜੱਜਾਂ ਦੀ ਨਿਯੁੱਕਤੀ
1.4.3 ਜੱਜਾਂ ਦੀ ਯੋਗਤਾਵਾਂ
1.4.4 ਮਿਆਦ
1.4.5 ਤਬਦੀਲੀਆਂ (Transfer)
1.4.6 ਰਿਟਾਇਰ ਹੋਣ ਪਿਛੋਂ ਪਾਬੰਦੀ
1.4.7 ਤਨਖਾਹ ਦੇ ਭੱਤੇ ਆਦਿ
1.4.8 ਹਾਈ ਕੋਰਟ ਦੀ ਨਿਰਪੱਖਤਾ
1.4.9 ਹਾਈ ਕੋਰਟ ਦੀਆਂ ਸ਼ਕਤੀਆਂ ਤੇ ਅਧਿਕਾਰ ਖੇਤਰ
1.4.10 ਪ੍ਰਮਾਣ ਅਦਾਲਤਾਂ ਦੇ ਰੂਪ ਵਿਚ
1.4.11 ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ
1.4.12 ਸਾਰੰਸ਼
1.4.13 ਸਵੈ-ਅਭਿਆਸ ਲਈ ਪ੍ਰਸ਼ਨ
1.4.14 ਸੁਝਾਈਆਂ ਗਈਆਂ ਪੁਸਤਕਾਂ

### 1.4.0 ਪਾਠ ਦੀ ਭੂਮਿਕਾ:

**ਹਾਈ ਕੋਰਟਾਂ ਅਤੇ ਅਧੀਨ ਅਦਾਲਤਾਂ (High Courts and Subordinate Courts)**

ਭਾਰਤ ਵਿਚ ਸੰਘੀ ਸ਼ਾਸਨ ਪ੍ਰਣਾਲੀ ਹੋਣ ਦੇ ਬਾਵਜੂਦ ਇਕਹਰੀ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ। ਸੁਪਰੀਮ ਕੋਰਟ ਸਾਰੇ ਭਾਰਤ ਦੀ ਸਭ ਤੋਂ ਉੱਚੀ ਅਦਾਲਤ ਹੈ ਪਰ ਰਾਜ ਦੇ ਨਿਆਂ ਸੰਗਠਨ ਵਿਚ ਹਾਈ ਕੋਰਟਾਂ ਸਭ ਤੋ ਉੱਚੀਆਂ ਅਦਾਲਤਾਂ ਹਨ ਜਿਹਨਾਂ ਦੇ ਅਧੀਨ ਜ਼ਿਲਿਆਂ ਦੀਆਂ ਅਦਾਲਤਾਂ ਹੁੰਦੀਆਂ ਹਨ। ਹਰ ਰਾਜ ਵਿਚ ਇਕ ਹਾਈ ਕੋਰਟ ਹੁੰਦੀ ਹੈ ਪਰੰਤੂ ਸੰਵਿਧਾਨ ਦੀ ਸੱਤਵੀਂ ਸੋਧ (1956) ਅਨੁਸਾਰ ਸੰਸਦ ਦੋ ਜਾਂ ਦੋ ਤੋਂ ਜ਼ਿਆਦਾ ਰਾਜਾਂ ਲਈ ਜਾਂ ਰਾਜ ਤੇ ਕੇਂਦਰੀ ਇਲਾਕਿਆਂ ਲਈ ਇਕੋ ਹੀ ਸਾਂਝੀ ਹਾਈ ਕੋਰਟ ਦੀ ਸਥਾਪਨਾ ਵੀ ਕਰ ਸਕਦੀ ਹੈ। ਉਦਾਹਰਣ ਵਜੋਂ ਪੰਜਾਬ ਅਤੇ ਹਰਿਆਣਾ ਦੀ ਇਕੋ ਹੀ ਹਾਈਕੋਰਟ ਹੈ।

ਭਾਰਤ ਦੇ ਸੰਵਿਧਾਨ ਦੇ ਲਾਗੂ ਹੋਣ ਵਾਲੇ ਪਾਰਟ 'ਏ' ਅਤੇ 'ਬੀ' ਰਾਜਾਂ ਵਿਚ ਹਾਈ ਕੋਰਟਾਂ ਦੀ ਸਥਾਪਨਾ ਕੀਤੀ ਗਈ ਸੀ ਪਰ ਨਾਲ ਹੀ ਕੇਂਦਰੀ ਸੰਸਦ ਨੂੰ ਇਹ ਸ਼ਕਤੀ ਦਿੱਤੀ ਗਈ ਸੀ ਕਿ ਪਾਰਟ 'ਸੀ' ਰਾਜਾਂ ਵਿਚ ਹਾਈ ਕੋਰਟਾਂ ਦੀ ਸਥਾਪਨਾ ਕਰ ਸਕਦੀ ਹੈ ਜਾਂ ਕਿਸੇ 'ਹਾਈ ਕੋਰਟ' ਦੀਆਂ ਸ਼ਕਤੀਆਂ ਨੂੰ ਨਾਲ

ਲਗਦੇ ਰਾਜਾਂ ਤਕ ਵੱਧਾ ਸਕਦੀ ਹੈ ਰਾਜਾਂ ਦੇ ਪੁਨਰ ਸੰਗਠਨ (**State Reorganisation Act, 1956**) ਨਾਲ ਰਾਜਾਂ ਦੀ ਗਿਣਤੀ ਘੱਟ ਗਈ ਤੇ ਇਸ ਨਾਲ ਬਹਤ ਸਾਰੀਆਂ ਹਾਈ ਕੋਰਟਾਂ ਵੀ ਖਤਮ ਹੋ ਗਈਆਂ, ਜਿਨ੍ਹਾਂ ਵਿਚੋਂ ਪੈਪਸੂ ਦੀ ਹਾਈ ਕੋਰਟ ਵੀ ਇਕ ਸੀ । ਇਸ ਐਕਟ ਨੇ ਇਸ ਤੋਂ ਇਲਾਵਾ ਕੁਝ ਹਾਈ ਕੋਰਟਾਂ ਦੇ ਅਧਿਕਾਰ ਖੇਤਰਾਂ ਨੂੰ ਨਾਲ ਲਗਦੇ ਕੇਂਦਰੀ ਪ੍ਰਸ਼ਾਸਿਤ ਇਲਾਕਿਆਂ ਤੁਕ ਫੈਲਾ ਦਿੱਤਾ ਸੀ ਜਿਵੇਂ ਕਿ ਅੰਡੇਮਾਨ ਅਤੇ ਨਿਕੋਬਾਰ ਨੂੰ ਕਲਕੱਤਾ ਹਾਈ ਕੋਰਟ ਦੇ ਅਧਿਕਾਰ ਖੇਤਰ ਵਿਚ ਲੈ ਆਂਦਾ ਗਿਆ ਸੀ ।

ਹਾਈ ਕੋਰਟਾਂ ਭਾਰਤ ਦੀ ਇਕਹਰੀ ਨਿਆਂ-ਪ੍ਰਣਾਲੀ ਦੀ ਅਨਿੱਖੜਵਾਂ ਹਿੱਸਾ ਹਨ ਪਰ ਫੇਰ ਵੀ ਪ੍ਰਬੰਧ ਦੇ ਪੱਖੋਂ ਇਹ ਕਿਸੇ ਤਰ੍ਹਾਂ ਵੀ ਨਾਂ ਤਾਂ ਸੁਪਰੀਮ ਕੋਰਟ ਦੇ ਅਤੇ ਨਾਂ ਹੀ ਰਾਜਾ ਦੇ ਵਿਧਾਨ ਮੰਡਲਾਂ ਜਾਂ ਕਾਰਜਪਾਲਿਕਾਵਾਂ ਦੇ ਅਧੀਨ ਹਨ । ਹਾਈ ਕੋਰਟ ਪ੍ਰਮਾਣ ਅਦਾਲਤ (Court of Record) ਵੀ ਹੈ । ਇਸ ਦੇ ਨਿਰਣਿਆਂ ਦਾ ਪ੍ਰਮਾਣ ਵੀ ਦਿੱਤਾ ਜਾ ਸਕਦਾ ਹੈ ਅਤੇ ਇਹ ਅਦਾਲਤ ਦੇ ਅਪਮਾਨ ਵਜੋਂ ਅਪਰਾਧੀਆਂ ਨੂੰ ਸਜ਼ਾ ਵੀ ਦੇ ਸਕਦੀ ਹੈ ।

### 1.4.1 ਹਾਈ ਕੋਰਟਾਂ ਦੀ ਰਚਨਾ (Composition of the High Court)

ਹਰ ਇਕ ਹਾਈ ਕੋਰਟ ਵਿਚ ਇਕ ਮੁੱਖ ਜੱਜ (Chief Justic) ਤੇ ਬਾਕੀ ਹੋਰ ਜੱਜ ਹੁੰਦੇ ਹਨ ਜਿਨ੍ਹਾਂ ;ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ । ਜੱਜਾਂ ਦੀ ਗਿਣਤੀ ਸੰਵਿਧਾਨ ਰਾਹੀਂ ਨਿਸ਼ਚਿਤ ਨਹੀਂ ਕੀਤੀ ਗਈ ਤੇ ਨਾ ਹੀ ਸਾਰੀਆਂ ਹਾਈ ਕੋਰਟਾਂ ਦੇ ਜੱਜਾਂ ਦੀ ਗਿਣਤੀ ਇਕੋ ਜਿਹੀ ਹੈ । ਗਿਣਤੀ ਸਮੇਂ ਦੀ ਲੋੜ ਅਨੁਸਰ ਵਧਾਈ ਜਾਂਦੀ ਹੈ । ਜਦੋਂ ਜੱਜ ਦੀ ਜਗ੍ਹਾਂ ਖਾਲੀ ਹੋਵੇ ਜਾਂ ਜਦੋਂ ਮੁੱਖ ਜੱਜ ਗੈਰਹਾਜ਼ਰ ਹੋਵੇ ਜਾਂ ਕਿਸੇ ਕਾਰਣ ਆਪਣੇ ਕਰਤੱਵਾਂ ਦਾ ਪਾਲਣ ਨਾ ਕਰ ਸਕਦਾ ਹੋਵੇ, ਉਸ ਵੇਲੇ ਰਾਸ਼ਟਰਪਤੀ ਹਾਈ ਕੋਰਟਾਂ ਦੇ ਜੱਜਾਂ ਵਿਚੋਂ ਕਿਸੇ ਵੀ ਜੱਜ ਨੂੰ ਮੁੱਖ ਜੱਜ ਦਾ ਕੰਮ ਸੰਭਾਲਣ ਲਈ ਦੇ ਸਕਦਾ ਹੈ । ਰਾਸ਼ਟਰਪਤੀ ਕੰਮ ਦੇ ਵੱਧਣ ਕਾਰਣ ਲੋੜ ਪੈਣ ਤੇ ਅਤਿਰਿਕਤ ਜੱਜਾਂ (Additional Judges) ਦੀ ਨਿਯੁਕਤੀ ਵੀ ਕਰ ਸਕਦਾ ਹੈ ਪਰ ਇਨ੍ਹਾਂ ਦੀ ਨਿਯੁਕਤੀ ਦੀ ਮਿਆਦ ਦੋ ਸਾਲ ਤੋਂ ਵੱਧ ਨਹੀਂ ਹੋ ਸਕਦੀ ।

### 1.4.2 ਜੱਜਾਂ ਦੀ ਨਿਯੁਕਤੀ (Appointment of Judges)

ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਹੈ । ਮੁੱਖ ਜੱਜ ਦੀ ਨਿਯੁਕਤੀ ਸਮੇਂ ਉਹ ਸੁਪਰੀਮ ਕੋਰਟ ਦੇ ਮੁੱਖ ਜੱਜ ਅਤੇ ਸੰਬੰਧਤ ਰਾਜ ਦੇ ਗਵਰਨਰ ਦੀ ਸਲਾਹ ਲੈਂਦਾ ਹੈ । ਦੂਜੇ ਜੱਜਾਂ ਦੀ ਨਿਯੁਕਤੀ ਸਮੇਂ ਸੁਪਰੀਮ ਕੋਰਟ ਦੇ ਮੁੱਖ ਜੱਜ ਸਮੇਂ ਸੁਪਰੀਮ ਕੋਰਟ ਦੇ ਮੁੱਖ ਜੱਜ ਤੇ ਉਸ ਰਾਜ ਦੇ ਗਵਰਨਰ ਤੋਂ ਇਲਾਵਾ ਸੰਬੰਧਤ ਹਾਈ ਕੋਰਟ ਦੇ ਮੁੱਖ ਜੱਜ ਦੀ ਸਲਾਹ ਵੀ ਜ਼ਰੂਰੀ ਹੈ । ਅਸਲ ਵਿਚ ਨਿਯੁਕਤੀ ਦਾ ਢੰਗ ਇਹ ਹੁੰਦਾ ਹੈ ਕਿ ਮੁੱਖ ਜੱਜ ਆਪਣੀ ਸਿਫਾਰਸ਼ ਰਾਜਪਾਲ ਨੂੰ ਕਰਦਾ ਹੈ । ਰਾਜਪਾਲ ਮੁੱਖ ਮੰਤਰੀ ਦੀ ਸਲਾਹ ਨਾਲ ਕੇਂਦਰ ਦੇ ਗ੍ਰਹਿ ਮੰਤਰੀ ਨੂੰ ਸਿਫਾਰਸ਼ ਕਰਦਾ ਹੈ । ਗ੍ਰਹਿ ਮੰਤਰੀ ਸੁਪਰੀਮ ਕੋਰਟ ਦੇ ਮੁੱਖ ਜੱਜ ਨਾਲ ਸਲਾਹ ਕਰਕੇ ਰਾਸ਼ਟਰਪਤੀ ਨੂੰ ਸਿਫਾਰ੍ਸ ਕਰਦਾ ਹੈ ਜੋ ਕਿ ਆਪਣੇ ਆਦੇਸ਼ ਰਾਹੀਂ ਜੱਜਾਂ ਦੀ ਨਿਯੁਕਤੀ ਕਰਦਾ ਹੈ ।

### 4.3 ਜੱਜਾਂ ਦੀਆਂ ਯੋਗਤਾਵਾਂ (Qualifications of the Judges)

ਹਾਈ ਕੋਰਟ ਦੇ ਜੱਜਾਂ ਦੀਆਂ ਜ਼ਰੂਰੀ ਯੋਗਤਾਵਾਂ ਸੰਵਿਧਾਨ ਵਿਚ ਲਿਖੀਆਂ ਗਈਆਂ ਹਨ ਜੋ ਇਸ ਤਰ੍ਹਾਂ ਹਨ :

1. ਉਹ ਭਾਰਤ ਦਾ ਨਾਗਰਿਕ ਹੋਵੇ ।
2. ਉਹ ਭਾਰਤ ਵਿਚ ਘੱਟ ਤੋਂ ਘੱਟ ਦਸ ਸਾਲ ਕਿਸੇ ਨਿਆਂ ਪਦਵੀ ਤੇ ਰਹਿ ਚੁੱਕਾ ਹੋਵੇ

   ਜਾਂ

3. ਰਾਜ ਦੀਆਂ ਹਾਈਕੋਰਟਾਂ ਵਿਚ ਘੱਟ ਤੋਂ ਘੱਟ ਦਸ ਸਾਲ ਤਕ ਐਡਵੋਕੇਟ ਰਹਿ ਚੁੱਕਾ ਹੋਵੇ ।

ਸੰਵਿਧਾਨ ਵਿਚ ਵਕਾਲਤ ਨਾ ਕਰਨ ਵਾਲੇ ਐਡਵੋਕੇਟਾਂ ਨੂੰ ਹਾਈ ਕੋਰਟਾਂ ਦੇ ਜੱਜਾਂ ਦੀ ਪਦਵੀ ਤੇ ਲੱਗਣ ਦੀ ਇਜ਼ਾਜਤ ਨਹੀਂ ਹੈ, ਪਰ ਉਹ ਸੁਪਰੀਮ ਕੋਰਟ ਵਿਚ ਨਿਯੁਕਤ ਕੀਤੇ ਜਾ ਸਕਦੇ ਹਨ ਜੇਕਰ ਰਾਸ਼ਟਰਪਤੀ ਦੇ ਵਿਚਾਰਾਂ ਅਨੁਸਾਰ ਉਹ ਉੱਘੇ ਕਾਨੂੰਨਦਾਨ ਹੋਣ ।

ਹਾਈ ਕੋਰਟ ਦੇ ਹਰ ਇਕ ਜੱਜ ਨੂੰ ਵੀ ਆਪਣੀ ਪਦਵੀ ਸੰਭਾਲਣ ਤੋਂ ਪਹਿਲਾਂ ਇਕ ਵਿਸ਼ੇਸ਼ ਸੌਂਹ ਚੁਕਣੀ ਪੈਂਦੀ ਹੈ ਜਿਸ ਵਿਚ ਉਸ ਨੂੰ ਇਹ ਕਹਿਣਾ ਪੈਂਦਾ ਹੈ ਕਿ ਓਹ ਭਾਰਤ ਦੇ ਸੰਵਿਧਾਨ ਨੂੰ ਮੰਨੇਗਾ ਤੇ ਆਪਣੀ ਯੋਗਤਾ

ਅਨੁਸਾਰ ਬਿਨਾਂ ਪੱਖ-ਪਾਤ ਅਤੇ ਕਿਸੇ ਕਿਸਮ ਦੇ ਡਰ ਦੇ ਨਿਰਣੇ ਕਰੇਗਾ ।

### 1.4.4 ਮਿਆਦ (Tenure)

ਸੰਵਿਧਾਨ ਦੇ ਲਾਗੂ ਹੋਣ ਵੇਲੇ ਇਹ ਨਿਯਮ ਸੀ ਕਿ ਹਾਈ ਕੋਰਟ ਦੇ ਜੱਜ ਸੱਠ ਸਾਲ ਦੀ ਆਯੂ ਤਕ ਆਪਣੀ ਪਦਵੀ ਤੇ ਰਹਿ ਸਕਦੇ ਹਨ । 1963 ਵਿਚ ਸੰਵਿਧਾਨ ਦੀ ਪੰਦਰਵੀਂ ਸੋਧ ਤੋਂ ਪਿੱਛੋਂ ਉਨ੍ਹਾਂ ਦੀ ਰਿਟਾਇਰਮੈਂਟ ਦੀ ਉਮਰ 62 ਸਾਲ ਤਕ ਵਧਾ ਦਿੱਤੀ ਗਈ । ਇਸ ਸਮੇਂ ਤੋਂ ਪਿੱਛੋਂ ਉਹ ਆਪਣੀ ਪਦਵੀ ਤੇ ਨਹੀਂ ਰਹਿ ਸਕਦੇ । ਕੋਈ ਵੀ ਜੱਜ ਇਸ ਸਮੇਂ ਤੋਂ ਪਹਿਲਾਂ ਵੀ ਆਪਣੀ ਇੱਛਾ ਅਨੁਸਾਰ ਅਸਤੀਫਾ ਦੇ ਸਕਦਾ ਹੈ । ਜੱਜ ਨੂੰ ਉਸ ਦੀ ਪਦਵੀਂ ਤੋਂ ਹਟਾਇਆ ਜਾ ਸਕਦਾ ਹੈ । ਇਹ ਢੰਗ ਉਹੀ ਹੈ ਜਿਸ ਨਾਲ ਸੁਪਰੀਮ ਕੋਰਟ ਦੇ ਜੱਜਾਂ ਨੂੰ ਹਟਾਇਆ ਜਾ ਸਕਦਾ ਹੈ ਭਾਵ ਸੰਸਦ ਦੁਆਰਾ ਮਹਾਂਦੋਸ਼ ਦਾ ਪ੍ਰਸਤਾਵ ਪਾਸ ਕੀਤਾ ਜਾਣਾ ਹੈ । ਇਹ ਤਰੀਕਾ ਕਾਫੀ ਕਠਿਨ ਹੈ । ਇਸ ਨੂੰ ਇਸ ਲਈ ਅਪਣਾਇਆ ਗਿਆ ਹੈ ਤਾਂ ਜੋ ਜੱਜਾਂ ਨੂੰ ਹਟਾਉਣ ਦਾ ਡਰਾਵਾ ਦੇ ਕੇ ਉਨ੍ਹਾਂ ਉਤੇ ਦਬਾਉ ਨਾ ਪਾਇਆ ਜਾ ਸਕੇ ਤੇ ਉਹ ਫੈਸਲੇ ਆਪਣੀ ਲਿਆਕਤ ਅਤੇ ਇੱਛਾ ਅਨੁਸਾਰ ਆਜ਼ਾਦੀ ਨਾਲ ਕਰ ਸਕਣ । ਇਸ ਵਕਤ ਦੇਸ਼ ਵਿਚ 21 ਹਾਈ ਕੋਰਟਾ ਕੰਮ ਕਰ ਰਹੀਆਂ ਹਨ ।

### 1.4.5 ਤਬਦੀਲੀਆਂ (Transfers)

ਹਾਈ ਕੋਰਟ ;ਦੇ ਜੱਜਾਂ ਨੂੰ ਰਾਸ਼ਟਰਪਤੀ ਇਕ ਕੋਰਟ ਤੋਂ ਦੂਸਰੀ ਵਿਚ ਸੰਬੰਧਿਤ ਅਦਾਲਤਾਂ ਦੇ ਮੁੱਖ ਜੱਜ ਦੀ ਸਲਾਹ ਨਾਲ ਬਦਲ ਸਕਦਾ ਹੈ । ਰਾਸ਼ਟਰਪਤੀ ਹਾਈ ਕੋਰਟ ਦੇ ਜੱਜਾਂ ਨੂੰ ਸੁਪਰੀਮ ਕੋਰਟ ਵਿਚ ਵੀ ਨਿਯੁਕਤ ਕਰ ਸਕਦਾ ਹੈ ।

### 1.4.6 ਰਿਟਾਇਰ ਹੋਣ ਪਿੱਛੋਂ ਪਾਬੰਦੀ (Restriction after Retirement)

ਸ਼ੁਰੂ ਵਿਚ ਸੰਵਿਧਾਨ ਅਨੁਸਾਰ ਹਾਈ ਕੋਰਟ ਦਾ ਰਿਟਾਇਰ ਜੱਜ ਭਾਰਤ ਵਿਚ ਕਿਸੇ ਵੀ ਅਦਾਲਤ ਵਿਚ ਵਕਾਲਤ ਨਹੀਂ ਕਰ ਸਕਦਾ ਸੀ । ਸੰਵਿਧਾਨ ਦੀ ਸਤਵੀਂ ਸੋਧ (1995) ਤੋਂ ਪਿਛੋਂ ਹੁਣ ਹਾਈ ਕੋਰਟ ਦੇ ਰੀਟਾਇਰਡ ਜੱਜ ਆਪਣੇ ਹਾਈ ਕੋਰਟ ਨੂੰ ਛੱਡ ਕੇ ਕਿਸੇ ਹੋਰ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਵਕਾਲਤ ਕਰ ਸਕਦੇ ਹਨ । ਪਰ ਕਾਨੂੰਨ ਕਮਿਸ਼ਨ ਮੁਤਾਬਿਕ ਜੱਜਾਂ ਨੂੰ ਰਿਟਾਇਰ ਹੋਣ ਪਿੱਛੋਂ ਕਿਸੇ ਵੀ ਅਦਾਲਤ ਵਿਚ ਵਕਾਲਤ ਕਰਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ ।

### 1.4.7 ਤਨਖਾਹ ਤੇ ਭੱਤੇ ਆਦਿ (Salaries and Emoluments)

ਸੰਵਿਧਾਨ ਵਿਚ ਜੱਜਾਂ ਦੀਆਂ ਤਨਖਾਹਾਂ ਤੇ ਭੱਤੇ ਲਿਖੇ ਗਏ ਹਨ (Art. 221 and Second Schedule) ਇਹ ਤਨਖਾਹਾਂ ਤੇ ਭੱਤੇ ਰਾਜ ਦੇ ਸੰਚਿਤ ਫੰਡ (Consolidated Fund) ਤੋਂ ਮਿਲਦੇ ਹਨ ਜਿਸ ਵਿਚੋਂ ਕਟੌਤੀ ਰਾਜਾਂ ਦੇ ਵਿਧਾਨ ਮੰਡਲ ਵੀ ਨਹੀਂ ਕਰ ਸਕਦੇ । ਜੱਜਾਂ ਦੀਆਂ ਤਨਖਾਹਾਂ ਵਿਚ ਕੇਵਲ ਉਦੋਂ ਹੀ ਕਟੌਤੀ ਕੀਤੀ ਜਾ ਸਕਦੀ ਹੈ ਜਦੋਂ ਕਿ ਰਾਸ਼ਟਰਪਤੀ ਵਿੱਤੀ ਸੰਕਟ ਦਾ ਐਲਾਨ ਕਰ ਦੇਵੇ । ਕੁਝ ਚਿਰ ਪਹਿਲਾ ਹਾਈਕੋਰਟਾਂ ਦੇ ਮੁੱਖ ਜੱਜ ਨੂੰ 9,000/– ਰੁਪਏ ਅਤੇ ਦੂਜੇ ਜੱਜਾਂ ਨੂੰ 8,000/– ਮਾਸਕ ਤਨਖਾਹ ਮਿਲਦੀ ਸੀ । ਉਸ ਤੋਂ ਪਹਿਲਾਂ ਮੁੱਖ ਜੱਜ ਨੂੰ 4,000/- ਮਾਸਕ ਤੇ ਬਾਕੀ ਜੱਜਾਂ ਨੂੰ 3,500/- ਰੁਪਏ ਮਾਸਕ ਤਨਖਾਹ ਮਿਲਦੀ ਸੀ । ਕੇਂਦਰੀ ਸੰਸਦ ਕਾਨੂੰਨ ਦੁਆਰਾ ਜੱਜਾਂ ਦੇ ਭੱਤੇ, ਪੈਨਸ਼ਨ ਤੇ ਛੁਟੀਆਂ ਆਦਿ ਦੇ ਨਿਯਮਾਂ ਵਿਚ ਤਬਦੀਲੀ ਕਰ ਸਕਦੀ ਹੈ ਪਰ ਕਿਸੇ ਜੱਜ ਦੀ ਨਿਯੁਕਤੀ ਤੋਂ ਪਿੱਛੋਂ ਇਹ ਨਿਯਮ ਅਜਿਹੇ ਢੰਗ ਨਾਲ ਨਹੀਂ ਬਦਲੇ ਜਾ ਸਕਦੇ ਜਿਸ ਨਾਲ ਉਸਦਾ ਨਕਸਾਨ ਹੋਵੇ । ਮੁੱਖ ਜੱਜ ਨੂੰ 30,000/- ਤੇ ਦੂਜੇ ਜੱਜਾਂ ਨੂੰ 26,000/- ਰੁਪਏ ਦਿੱਤੇ ਜਾਂਦੇ ਸਨ । ਪਰ 2008 ਦੇ Salary & Conditions of Service ਦੇ bill ਰਾਹੀ ਮੁੱਖ ਜੱਜ ਨੂੰ 90,000 ਤੇ ਬਾਕੀ ਜੱਜਾਂ ਨੂੰ 80,000 ਮਹੀਨਾ ਮਿਲਣਗੇ ।

ਹਾਈ ਕੋਰਟ ਦੇ ਜੱਜਾਂ ਨੂੰ ਸੰਚਿਤ ਫੰਡ ਤੋਂ ਤਨਖਾਹ ਦੇਣ ਦਾ ਭਾਵ ਇਹ ਹੈ ਕਿ ਕੋਈ ਵੀ ਰਾਜਨੀਤਿਕ ਪਾਰਟੀ ਕਾਰਜਕਾਰਨੀ ਜਾਂ ਵਿਧਾਨ-ਮੰਡਲ ਤਨਖਾਹ ਵਿਚ ਕਟੌਤੀ ਦੀ ਧਮਕੀ ਦੇ ਕੇ ਜੱਜਾਂ ਤੋਂ ਉਨ੍ਹਾਂ ਦੀ ਇੱਛਾ ਵਿਰੁੱਧ ਨਿਰਣਾ ਨਾ ਕਰਾ ਸਕੇ । ਯਾਦ ਰਹੇ ਕਿ ਸੰਚਿਤ ਨਿਧੀ ਵਿਚੋਂ ਦਿੱਤੀਆਂ ਜਾਣ ਵਾਲੀਆਂ ਤਨਖਾਹਾਂ ਆਦਿ ਵਿਚ ਵਿਧਾਨ ਮੰਡਲ ਕਟੌਤੀ ਨਹੀਂ ਕਰ ਸਕਦਾ । ਇਸ ਤਰ੍ਹਾਂ ਉਹ ਆਪਣੇ ਨਿਰਣੇ ਨਿਰਪੱਖਤਾ ਤੇ ਨਿਡਰਤਾ ਨਾਲ ਕਰ ਸਕਦੇ ਹਨ, ਹਾਈ ਕੋਰਟ ਦੇ ਜੱਜਾਂ ਨੂੰ ਸੇਵਾ ਨਿਵਰਿਤ ਹੋਣ ਤੋਂ ਮਗਰੋਂ ਪੈਨਸ਼ਨ ਵੀ ਮਿਲਦੀ ਹੈ ।

**1.4.8 j kJh ebN dh fBogZs k (Independence of High Court)**

ਸੰਵਿਧਾਨ ਰਾਹੀਂ ਕੋਰਟ ਦੇ ਜੱਜਾਂ ਦੇ ਕੰਮ ਦੀ ਆਜ਼ਾਦੀ ਲਈ ਕੁਝ ਵਿਸ਼ੇਸ਼ ਉਪਬੰਧ ਕੀਤੇ ਗਏ ਹਨ ਜੋ ਕਿ ਇਸ ਤਰ੍ਹਾਂ ਹਨ :

(1) ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਰਾਹੀਂ ਹੁੰਦੀ ਹੇ । ਮੁੱਖ ਜੱਜ ਦੀ ਨਿਯੁਕਤੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਸਲਾਹ ਨਾਲ ਤੇ ਬਾਕੀ ਹੋਰ ਜੱਜਾਂ ਦੀ ਨਿਯੁਕਤੀ ਹਾਈ ਕੋਰਟ ਦੇ ਮੁੱਖ ਜੱਜਾਂ ਦੀ ਸਲਾਹ ਨਾਲ ਰਾਸ਼ਟਰਪਤੀ ਕਰਦਾ ਹੈ । ਇਹ ਨਿਯੁਕਤੀਆਂ ਰਾਜ ਦਾ ਗਵਰਨਰ ਨਹੀਂ ਕਰਦਾ, ਉਸ ਦੀ ਕੇਵਲ ਸਲਾਹ ਲਈ ਜਾਂਦੀ ਹੈ ।

(2) ਜੱਜਾਂ ਦਾ ਕਾਰਜਕਾਲ (tenure) ਸੁਰੱਖਿਅਤ ਹੈ । ਓਨ੍ਹਾਂ ਦੀ ਰਿਟਾਇਰ ਹੋਣ ਦੀ ਉਮਰ ਸੰਵਿਧਾਨ ਰਾਹੀਂ ਨਿਯਤ ਕੀਤੀ ਗਈ ਹੈ । ਇਸ ਤੋਂ ਪਹਿਲਾਂ ਉਨ੍ਹਾਂ ਨੂੰ ਹਟਾਉਣਾ ਬੜਾ ਕਠਿਨ ਹੈ । ਉਨ੍ਹਾਂ ਨੂੰ ਸੰਸਦ ਅਤੇਰਾਸ਼ਟਰਪਤੀ ਮਿਲਕੇ ਹੀ ਹਟਾ ਸਕਦੇ ਹਨ । ਜੇਕਰ ਸੰਸਦ ਦੇ ਦੋਨੋਂ ਸਦਨ ਆਪਣੇ ਸਦਨ ਦੇ ਕੁਲ ਮੈਬਰਾਂ ਦੀ ਗਿਣਤੀ ਦੇ ਬਹੁਮਤ ਨਾਲ ਅਤੇ ਹਾਜ਼ਰ ਵੋਟ ਦੇਣ ਵਾਲਿਆਂ ਦੇ 2/3 ਬਹੁਮਤ ਨਾਲ ਮਤਾ ਪਾਸ ਕਰਕੇ ਰਾਸ਼ਟਰਪਤੀ ਪਾਸ ਭੇਜ ਦੇਣ ਤਾਂ ਰਾਸ਼ਟਰਪਤੀ ਸੰਬੰਧਿਤ ਜੱਜ ਨੂੰ ਪੱਦ ਤੋਂ ਹਟਾਉਣ ਦਾ ਆਦੇਸ਼ ਜਾਰੀ ਕਰ ਦੇਵੇਗਾ ।

(3) ਰੀਟਾਇਰ ਹੋਣ ਪਿੱਛੋਂ ਹਾਈਕੋਰਟ ਦੇ ਜੱਜ ਉਸ ਹਾਈ ਕੋਰਟ ਵਿਚ ਜਿਸ ਵਿਚ ਕਿ ਉਹ ਕੰਮ ਕਰਦੇ ਹੋਣ, ਵਕਾਲਤ ਨਹੀਂ ਕਰ ਸਕਦੇ ।

(4) ਤਨਖਾਹ ਸੰਵਿਧਾਨ ਰਾਹੀਂ ਨਿਯਤ ਕੀਤੀਆਂ ਗਈਆਂ ਹਨ । ਭੱਤੇ ਤੇ ਪੈਨਸ਼ਨ ਉਨ੍ਹਾਂ ਦੀ ਨਿਯੁਕਤੀ ਪਿੱਛੋਂ ਘਟਾਏ ਨਹੀ ਜਾ ਸਕਦੇ ।

(5) ਤਨਖਾਹਾਂ, ਭੱਤੇ ਤੇ ਹੋਰ ਪ੍ਰਬੰਧਕ ਸੰਚਿਤ ਫੰਡ ਤੋਂ ਲਏ ਜਾਂਦੇ ਹਨ । ਵਿਧਾਨ ਮੰਡਲ ਵੋਟ ਰਾਹੀਂ ਉਹਨਾਂ ਵਿਚ ਕਟੌਤੀ ਨਹੀਂ ਕਰ ਸਕਦਾ ।

(6) ਹਾਈਕੋਰਟ ਦੇ ਅਧਿਕਾਰੀਆਂ ਦੀ ਨਿਯੁਕਤੀ ਮੁੱਖ ਜੱਜ ਆਪ ਕਰਦਾ ਹੈ ਜੋ ਕਿ ਸੰਬੰਧਿਤ ਕੰਮ ਦੀ ਜ਼ਿੰਮੇਵਾਰੀ ਲਈ ਉਸ ਦੇ ਅਧੀਨ ਹਨ ਤੇ ਉੱਤਰਦਾਈ ਹਨ ।

**1.4.9 ਹਾਈ ਕੋਰਟ ਦੀਆਂ ਸ਼ਕਤੀਆਂ ਤੇ ਅਧਿਕਾਰ ਖੇਤਰ (Powers and Jurisdiction of the High Courts)**

ਹਰ ਇੱਕ ਕੋਰਟ ਨੂੰ ਦੋ ਪ੍ਰਕਾਰ ਦੀਆਂ ਸ਼ਕਤੀਆਂ ਪ੍ਰਾਪਤ ਹਨ :

(i) ਨਿਆਂ ਸੰਬੰਧੀ

(ii) ਪ੍ਰਬੰਧ ਸੰਬੰਧੀ

ਨਿਆਂ ਸੰਬੰਧੀ ਕੰਮ ਦੋ ਭਾਗਾਂ ਵਿਚ ਵੰਡੇ ਜਾ ਸਕਦੇ ਹਨ, ਮੁੱਢਲੇ ਅਤੇ ਅਪੀਲੀ ਅਧਿਕਾਰ ਖੇਤਰ । ਹਾਈ ਕੋਰਟ ਪ੍ਰਮਾਣਿਤ ਅਦਾਲਤ (Court of Record) ਦੇ ਰੂਪ ਵਿਚ ਵੀ ਕੰਮ ਕਰਦੀ ਹੈ । ਇਸ ਤੋਂ ਇਲਾਵਾ ਹਾਈਕੋਰਟ ਸੰਵਿਧਾਨ ਵਿੱਚ ਦਿੱਤੇ ਗਏ ਅਧਿਕਾਰਾਂ ਦੀ ਰੱਖਿਆ ਕਰਦੀ ਹੈ ਤੇ ਰਿਟਾਂ (Writs) ਵੀ ਜਾਰੀ ਕਰਦੀ ਹੈ ।

**(i) ਮੌਲਿਕ ਅਧਿਕਾਰ ਖੇਤਰ (Original Jurisdiction)**

ਹਾਈਕੋਰਟ ਨੂੰ ਲਗਭਗ ਉਹੀ ਅਧਿਕਾਰ ਪ੍ਰਾਪਤ ਹਨ ਜਿਹੜੇ ਨਵੇਂ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਸਨ ਤੇ ਉਨ੍ਹਾਂ ਵਿਚ ਬਹੁਤ ਥੋੜ੍ਹੀ ਤਬਦੀਲੀ ਕੀਤੀ ਗਈ ਹੈ ।

ਹਾਈ ਕੋਰਟ ਦੇ ਵਰਤਮਾਨ ਅਧਿਕਾਰ ਖੇਤਰ ਦਾ ਆਧਾਰ ਲੈਟਰਜ਼ ਪੇਟੈਂਟ (Letters Patent) ਅਤੇ ਕੇਂਦਰੀ ਤੇ ਪ੍ਰਾਂਤਿਕ ਐਕਟ ਹਨ । ਹਾਈਕੋਰਟਾਂ ਤੇ ਸਿਵਲ ਅਤੇ ਫੌਜਦਾਰੀ ਅਧਿਕਾਰੀ ਖੇਤਰਾਂ ਦਾ ਆਧਾਰ ਦੀਵਾਨੀ ਅਤੇ ਫੌਜਦਾਰੀ ਕਾਰਜ ਵਿਧੀ (Civil and Criminal Procedure Code) ਹੈ । ਹਾਈ ਕੋਰਟ ਨੂੰ ਮੁਢਲੇ ਤੇ ਅਪੀਲ ਦੋਵੇਂ ਅਧਿਕਾਰ ਖੇਤਰ ਪ੍ਰਾਪਤ ਹਨ । ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਕਲਕੱਤਾ, ਬੰਬਈ ਤੇ ਮਦਰਾਸ ਦੀਆਂ ਹਾਈ ਕੋਰਟਾਂ ਪਾਸ ਮੁੱਢਲੇ ਤੇ ਅਪੀਲੀ ਦੋਵੇਂ ਕਿਸਮ ਦੇ ਅਧਿਕਾਰ ਸਨ । ਇਨ੍ਹਾਂ ਨੂੰ ਦੀਵਾਨੀ ਅਤੇ ਫੌਜਦਾਰੀ ਖੇਤਰ ਵਿਚ ਉਨ੍ਹਾਂ

ਮਾਮਲਿਆਂ ਸੰਬੰਧੀ ਮੌਲਿਕ ਅਧਿਕਾਰ ਖੇਤਰ ਪ੍ਰਾਪਤ ਹੈ ਜੋ ਪ੍ਰੈਜ਼ੀਡੈਂਸੀ ਨਗਰਾਂ ਵਿੱਚ ਹੁੰਦੇ ਸਨ। ਬੰਬਈ ਅਤੇ ਮਦਰਾਸ ਲਈ ਹਾਈ ਕੋਰਟਾਂ ਦੇ ਮੌਲਿਕ ਫੌਜਦਾਰੀ ਅਧਿਕਾਰ ਰਾਜ ਵਿਧਾਨ ਮੰਡਲ ਵਜੋਂ ਸਥਾਪਿਤ ਸਿਟੀ ਸਿਵਲ ਸੈਸ਼ਨ ਅਦਾਲਤਾਂ ਨੂੰ ਸੌਂਪ ਦਿੱਤੇ ਗਏ ਹਨ । ਇਸੇ ਤਰ੍ਹਾਂ ਦੀਵਾਨੀ ਮਾਮਲਿਆਂ ਵਿੱਚ ਮੌਲਿਕ ਅਧਿਕਾਰ ਖੇਤਰ ਸਿਟੀ ਸਿਵਲ ਕੋਰਟਸ ਪਾਸ ਹੈ । ਪਰ ਜਿਨ੍ਹਾਂ ਮਾਮਲਿਆਂ ਵਿੱਚ ਝਗੜੇ ਦੀ ਰਕਮ ਬਹੁਤ ਜ਼ਿਆਦਾ ਹੁੰਦੀ ਹੈ ਉਹ ਅੱਜ ਵੀ ਹਾਈ ਕੋਰਟਾਂ ਦੇ ਮੌਲਿਕ ਅਧਿਕਾਰ ਖੇਤਰ ਵਿਚ ਹਨ । ਇਸ ਤਰ੍ਹਾਂ ਪੱਛਮੀ ਬੰਗਾਲ ਵਿਚ ਇੱਕ ਸਿਟੀ ਸੈਸ਼ਨ ਕੋਰਟ ਤੇ ਇਕ ਦੀਵਾਨੀ ਅਦਾਲਤ ਸਥਾਪਿਤ ਕੀਤੀ ਗਈ ਹੈ, ਪਰ ਕਲਕੱਤਾ ਹਾਈ ਕੋਰਟ ਦੇ ਅਧਿਕਾਰ ਖੇਤਰ ਉਤੇ ਇਨ੍ਹਾਂ ਦਾ ਅੰਗਸ਼ ਮਾਤਰ ਅਸਰ ਪਿਆ ਹੈ । ਨੇਕਾ ਅਧਿਕਾਰਣ (Admiralty), ਵਸੀਅਤ (Will), ਤਲਾਕ (Divorce), ਵਿਆਹ ਵਿਧੀ (Marriage Laws), ਕੰਪਨੀ ਲਾਅਜ਼ (Company Laws), ਤੇ ਹਾਈ ਕੋਰਟ ਦਾ ਅਪਮਾਨ (Contempt of Court) ਦੇ ਬਾਰੇ ਸਾਰੀਆਂ ਹਾਈ ਕੋਰਟਾਂ ਨੂੰ ਮੌਲਿਕ ਅਧਿਕਾਰ ਖੇਤਰ ਪ੍ਰਾਪਤ ਹਨ। ਫੌਜੀ ਨਿਆਂਅਧਿਕਰਣ (Military Tribunals) ਹਾਈ ਕੋਰਟਾਂ ਦੇ ਅਧਿਕਾਰ ਅੰਦਰ ਨਹੀਂ ਹਨ। ਨਵੇਂ ਸੰਵਿਧਾਨ ਦੇ ਲਾਗੂ ਹੋਣ ਨਾਲ ਹਾਈ ਕੋਰਟਾਂ ਦੇ ਅਧਿਕਾਰ ਵਿਚ ਥੋੜਾ ਜਿਹਾ ਵਾਧਾ ਹੋਇਆ ਹੈ। ਹੁਣ ਮਾਲੀਏ ਤੇ ਉਸ ਦੀ ਵਸੂਲੀ ਨਾਲ ਸੰਬੰਧਤ ਕੁਝ ਮਾਮਲੇ ਹਾਈਕੋਰਟ ਦੇ ਮੌਲਿਕ ਅਧਿਕਾਰ ਖੇਤਰ ਵਿਚ ਆ ਜਾਂਦੇ ਹਨ।

**(ii) ਰਿਟਾਂ ਜਾਰੀ ਕਰਨ ਦਾ ਅਧਿਕਾਰ (Powers Concerning Writs)**

ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਕੋਈ ਵੀ ਮੁਕੱਦਮਾ ਸਿੱਧਾ ਹੀ ਹਾਈ ਕੋਰਟ ਵਿਚ ਲਿਜਾਇਆ ਜਾ ਸਕਦਾ ਹੈ । ਇਨ੍ਹਾਂ ਨੂੰ ਲਾਗੂ ਕਰਨ ਲਈ ਹਾਈਕੋਰਟ ਰਿਟਾਂ ਜਾਰੀ ਕਰ ਸਕਦੀ ਹੈ । ਸਾਡੇ ਸੰਵਿਧਾਨ ਵਿਚ ਰਿਟਾਂ ਦੀ ਨਕਲ ਇੰਗਲੈਂਡ ਦੇ ਕਾਨੂੰਨ ਤੋਂ ਕੀਤੀ ਗਈ ਹੈ । ਭਾਰਤ ਦਾ ਨਵਾਂ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਕੇਵਲ ਕਲਕੱਤਾ, ਬੰਬਈ ਤੇ ਮਦਰਾਸ ਦੀਆਂ ਹਾਈ ਕੋਰਟਾਂ ਨੂੰ ਹੀ ਮੁੱਢਲੇ ਅਧਿਕਾਰ ਵਿਚ ਰਿਟ ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਸੀ । ਹੁਣ ਅਨੁਛੇਦ 266 ਅਨੁਸਾਰ ਸਾਰੀਆਂ ਕੋਰਟਾਂ ਨੂੰ ਮੌਲਿਕ ਅਧਿਕਾਰਾਂ ਦੀ ਰੱਖਿਆ ਜਾਂ ਕਿਸੇ ਹੋਰ ਮਕਸਦ ਲਈ ਰਿਟ (Writ) ਜਾਰੀ ਕਰਨ ਦਾ ਅਧਿਕਾਰ ਪ੍ਰਾਪਤ ਹੈ । ਸੰਵਿਧਾਨ ਦੀ ਪੰਦਰਵੀਂ ਸੋਧ ਤੋਂ ਪਹਿਲਾਂ ਹਾਈ ਕੋਰਟਾਂ ਕੇਵਲ ਆਪਣੇ ਖੇਤਰ ਵਿਚ ਹੀ ਰਿਟ ਜਾਰੀ ਕਰ ਸਕਦੀਆਂ ਸਨ ਪਰ ਇਸ ਸੋਧ ਤੋਂ ਪਿੱਛੋਂ ਆਪਣੇ ਇਲਾਕੇ ਤੋਂ ਬਾਹਰ ਵੀ ਰਿਟ ਜਾਰੀ ਕੀਤੇ ਜਾ ਸਕਦੇ ਹਨ । ਰਿਟ ਜਾਰੀ ਕਰਨ ਦਾ ਸਾਧਾਰਣ ਨਿਯਮ ਇਹ ਹੈ ਕਿ ਰਿਟ ਉਦੋਂ ਹੀ ਜਾਰੀ ਕੀਤੇ ਜਾਂਦੇ ਹਨ ਜਦੋਂ ਹੋਰ ਦੂਸਰੇ ਸਾਧਨ ਸਮਾਪਤ ਹੋ ਜਾਣ, ਪਰ ਹਾਈ ਕੋਰਟ ਆਪਣੀ ਇੱਛਾ ਅਨੁਸਾਰ ਇਸ ਤੋਂ ਪਹਿਲਾਂ ਵੀ ਰਿਟ ਜਾਰੀ ਕਰ ਸਕਦੀ ਹੈ ।

ਪਹਿਲਾਂ ਹਾਈ ਕੋਰਟਾਂ ਬੰਦੀ ਪ੍ਰਤੱਖ ਕਰਨ ਦੀ ਰਿਟ (Writ of Habeas Corpus) ਹੀ ਜਾਰੀ ਕਰ ਸਕਦੀਆਂ ਸਨ ਤੇ ਕਿਸੇ ਕੈਦੀ ਨੂੰ ਕਾਨੂੰਨ ਦੇ ਵਿਰੁੱਧ ਨਜ਼ਰਬੰਦ ਰਖੇ ਜਾਣ ਤੇ ਉਸ ਦੀ ਪੁੱਛ ਪੜ੍ਹਤਾਲ ਕਰਕੇ ਉਸ ਨੂੰ ਰਿਹਾ ਕਰ ਸਕਦੀਆਂ ਸਨ । ਹਾਈ ਕੋਰਟਾਂ ਨੂੰ ਮੌਲਿਕ ਅਧਿਕਾਰਾਂ ਦੀ ਰਖਿਆ ਲਈ ਕੁਝ ਹੋਰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ ਜਿਵੇਂ ਕਿ ਪਰਮ ਆਦੇਸ਼ (Mandamus), ਮਨਾਹੀ ਦੀ ਰਿਟ (Writ of Prohibition), ਅਧਿਕਾਰ ਪ੍ਰੀਖਿਆ (Quo-Warraanto) ਅਤੇ ਵੇਰਵਾ ਪ੍ਰਾਪਤ ਕਰਨ ਲਈ ਰਿਟ (Certiorrari) ਵੀ ਜਾਰੀ ਕਰ ਸਕਦੀਆਂ ਹਨ । ਭਾਵੇਂ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੋਹਾਂ ਨੂੰ ਦਿੱਤਾ ਗਿਆ ਹੈ । ਇਹ ਗੱਲ ਜਸਟਿਸ ਸ਼ਾਸਤ੍ਰੀ ਨੇ ਰਾਮੇਸ਼ ਥਾਪਰ ਬਨਾਮ ਮਦਰਾਦਸ ਕੇਸ ਵਿਚ ਹੋਰ ਸਪਸ਼ਟ ਕਰ ਦਿੱਤੀ ਹੈ । ਇਹ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਸੁਪਰੀਮ ਕੋਰਟ ਤਾਂ ਕੇਵਲ ਮੌਲਿਕ ਅਧਿਕਾਰਾਂ ਲਈ ਹੀ ਰਿਟ ਜਾਰੀ ਕਰ ਸਕਦੀ ਹੈ ਪਰ ਹਾਈ ਕੋਰਟ ਉਹਨਾਂ ਮਾਮਲਿਆਂ ਵਿਚ ਵੀ ਰਿਟ ਜਾਰੀ ਕਰ ਸਕਦੀ ਹੈ ਜਿਥੇ ਕਿਸੇ ਸਾਧਾਰਣ ਕਾਨੂੰਨੀ ਨੁਕਤੇ ਦੀ ਉਲੰਘਣਾ ਕੀਤੀ ਗਈ ਹੋਵੇ ਬਸ਼ਰਤੇ ਕਿ ਅਜੇਹੇ ਕੇਸਾਂ ਵਿੱਚ ਰਿਟ ਸਥਾਪਿਤ ਅਸੂਲਾਂ ਅਨੁਸਾਰ ਇਕ ਉਚਿਤ ਉਪਾਅ ਹੋਵੇ । ਇਸ ਸੰਬੰਧ ਵਿੱਚ ਹਾਈਕੋਰਟ ਦਾ ਖੇਤਰ ਸੁਪਰੀਮ ਕੋਰਟ ਨਾਲੋਂ ਵੀ ਵੱਧ ਜਾਂਦਾ ਹੈ ।

ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਸੰਬੰਧ ਵਿੱਚ ਪੈਟੀਸ਼ਨਾਂ (Petitions) ਦੀ ਸੁਣਵਾਈ ਹਾਈ ਕੋਰਟਾਂ ਵਿੱਚ ਹੁੰਦੀ ਹੈ । ਪਹਿਲਾਂ ਇਹ ਕੰਮ ਚੋਣ ਟਰੀਬਿਊਨਲਾਂ (Election Tribunal) ਨੂੰ ਸੌਂਪਿਆ

ਹੋਇਆ ਸੀ ।

### (iii) ਅਪੀਲ ਸੰਬੰਧੀ ਅਧਿਕਾਰ ਖੇਤਰ (Appelate Jurisdiction)

ਸਾਰੀਆਂ ਹਾਈ ਕੋਰਟਾਂ ਨੂੰ ਆਪਣੇ ਅਧੀਨ ਅਦਾਲਤਾਂ ਦੇ ਨਿਰਣਿਆਂ ਦੇ ਵਿਰੁੱਧ ਅਪੀਲ ਸੁਣਨ ਦਾ ਅਧਿਕਾਰ ਹੈ । ਫੌਜਦਾਰੀ ਮਾਮਲਿਆਂ ਵਿਚ ਜਦੋਂ ਇੱਕ ਦੋਸ਼ੀ ਨੂੰ ਸ਼ੈਸ਼ਨ ਜੱਜ ਦੰਡ ਦੇ ਦਿੰਦਾ ਹੈ ਤਾਂ ਉਸ ਦੇ ਨਿਰਣੇ ਦੇ ਵਿਰੁੱਧ ਅਪੀਲ ਹਾਈ ਕੋਰਟ ਵਿਚ ਕੀਤੀ ਜਾ ਸਕਦੀ ਹੈ । ਜੇਕਰ ਸ਼ੈਸ਼ਨ ਜੱਜ ਵਲੋਂ ਕਿਸੇ ਵਿਅਕਤੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ ਤਾਂ ਵੀ ਉਸ ਦੀ ਪੁਸ਼ਟੀ ਹਾਈਕੋਰਟ ਪਾਸੋਂ ਕਰਵਾਉਣੀ ਪੈਂਦੀ ਹੈ । ਫੈਸਲੇ ਦੇ ਵਿਰੁੱਧ ਅਪੀਲ 30 ਦਿਨਾਂ ਵਿਚ ਹਾਈ ਕੋਰਟ ਦੇ ਰਜਿਸਟਰਾਰ ਕੋਲ ਕੀਤੀ ਜਾ ਸਕਦੀ ਹੈ । ਹਾਈ ਕੋਰਟ ਇਨ੍ਹਾਂ ਫੌਜਦਾਰੀ ਮੁਕੱਦਮਿਆਂ ਤੋਂ ਛੁੱਟ ਦਿਵਾਨੀ ਮੁਕੱਦਮੇ ਵੀ ਸੁਣਦੀ ਹੈ । ਮਿਸਾਲ ਵਜੋਂ 5000 ਰੁਪਏ ਤੋਂ ਵੱਧ ਮਾਮਲਿਆਂ ਵਿਚ ਹਾਈ ਕੋਰਟ ਨੂੰ ਅਪੀਲ ਕੀਤੀ ਜਾ ਸਕਦੀ ਹੈ । ਹਾਈ ਕੋਰਟ ਪੇਟੈਂਟ ਤੇ ਡਿਜ਼ਾਇਨ, ਵਿਰਾਸਤ, ਭੂਮੀ ਪ੍ਰਾਪਤ ਤੇ ਦੀਵਾਲੀਆਪਨ ਆਦਿ ਦੇ ਮੁਕੱਦਮਿਆਂ ਵਿਚ ਵੀ ਅਪੀਲ ਸੁਣਦਾ ਹੈ । ਇਨ੍ਹਾਂ ਤੋਂ ਇਲਾਵਾ ਕੋਈ ਵੀ ਮੁਕੱਦਮਾ ਜਿਸ ਵਿਚ ਸੰਵਿਧਾਨ ਦੀ ਵਿਆਖਿਆ ਦਾ ਸੁਆਲ ਹੋਵੇ ਹਾਈ ਕੋਰਟ ਵਿੱਚ ਅਪੀਲ ਦੇ ਰੂਪ ਵਿੱਚ ਲਿਜਾਇਆ ਜਾ ਸਕਦਾ ਹੈ ।

### (iv) ਪ੍ਰਬੰਧ ਸੰਬੰਧੀ ਅਧਿਕਾਰ (Administrative Powers)

ਹਾਈ ਕੋਰਟ ਨੂੰ ਆਪਣੇ ਖੇਤਰ ਵਿੱਚ ਅਧੀਨ ਅਦਾਲਤਾਂ ਦੇ ਪ੍ਰਬੰਧ ਦਾ ਪੂਰਾ ਅਧਿਕਾਰ ਦਿੱਤਾ ਗਿਆ ਹੈ । ਫੌਜੀ ਅਦਾਲਤਾਂ ਇਸ ਅਧੀਨ ਨਹੀਂ ਹਨ । ਹਾਈ ਕੋਰਟ ਨੂੰ ਪ੍ਰਬੰਧਕ ਤੇ ਨਿਆਂ ਸੰਬੰਧੀ ਦੋਵੇਂ ਅਧਿਕਾਰ ਪ੍ਰਾਪਤ ਹਨ । ਅਧੀਨ ਅਦਾਲਤਾਂ ਤੇ ਕਈ ਹੋਰ ਨਿਆਂ ਅਧਿਕਰਣ (Tribunals) ਵੀ ਇਸ ਦੀ ਨਿਗਰਾਨੀ ਵਿਚ ਹੁੰਦੇ ਹਨ ਜਿਵੇਂ ਕ੍ਰਿਤ ਨਿਆਂ ਅਧਿਕਾਰਣ (Labour Tribunals), ਟਰਾਂਸਪੋਰਟ ਨਿਆਂ ਅਧਿਕਾਰਣ (Transport Tribunal) ਆਦਿ । ਇਸ ਅਧਿਕਾਰ ਦੇ ਅਨੁਸਾਰ ਉਹ ਆਪਣੀਆਂ ਅਧੀਨ ਅਦਾਲਤਾਂ ਦੇ ਕਿਸੇ ਵੀ ਫੈਸਲੇ ਨੂੰ ਠੀਕ ਕਰ ਸਕਦੀ ਹੈ । ਜੇਕਰ ਅਧੀਨ ਅਦਾਲਤਾਂ ਵਿਚ ਕੋਈ ਅਜਿਹਾ ਮੁਕੱਦਮਾ ਚਲ ਰਿਹਾ ਹੋਵੇ ਜਿਸ ਵਿਚ ਭਾਰਤੀ ਸੰਵਿਧਾਨ ਦੀ ਵਿਆਖਿਆ ਦਾ ਸੁਆਲ ਪੈਦਾ ਹੁੰਦਾ ਹੈ ਤਾਂ ਹਾਈਕੋਰਟ ਅਜਿਹੇ ਮੁਕੱਦਮੇ ਨੂੰ ਆਪਣੇ ਪਾਸ ਤਬਦੀਲ ਕਰਵਾ ਸਕਦੀ ਹੈ । ਅਧੀਨ ਅਦਾਲਤ ਦੀ ਕਾਰਜ ਵਿਧੀ, ਰਿਕਾਰਡ, ਰਜਿਸਟਰ ਤੇ ਹਿਸਾਬ ਆਦਿ ਰੱਖਣ ਬਾਰੇ ਵੀ ਹਾਈ ਕੋਰਟ ਆਪਣੀਆਂ ਅਧੀਨ ਅਦਾਲਤਾਂ ਦੇ ਨਿਯਮ ਅਤੇ ਵਿਨਿਯਮ (Rules and Regulations) ਬਣਾ ਸਕਦੀ ਹੈ ਹਾਈ ਕੋਰਟ ਇਕ ਅਧੀਨ ਅਦਾਲਤ ਤੋਂ ਕਿਸੇ ਮੁਕੱਦਮੇ ਨੂੰ ਦੂਜੀ ਅਧੀਨ ਅਦਾਲਤ ਵਿਚ ਤਬਦੀਲ ਕਰ ਸਕਦੀ ਹੈ । ਇਹ ਅਧੀਨ ਅਦਾਲਤਾਂ ਦੇ ਸਟਾਫ, ਕਲਰਕ ਦੂਜੇ ਕਰਮਚਾਰੀ ਤੇ ਵਕੀਲ ਆਦਿ ਦੀ ਫੀਸ ਨਿਸ਼ਚਿਤ ਕਰ ਸਕਦੀ ਹੈ । ਇਹ ਜ਼ਿਲ੍ਹਾ ਅਦਾਲਤਾਂ ਤੇ ਸਾਰੀਆਂ ਛੋਟੀਆਂ ਅਦਾਲਤਾਂ ਦੀਆਂ ਛੁੱਟੀਆਂ ਆਦਿ ਦੇ ਬਾਰੇ ਨਿਯਮ ਬਣਾ ਸਕਦੀ ਹੈ ।

## 1.4.10 ਪ੍ਰਮਾਣ ਅਦਾਲਤਾਂ ਦੇ ਰੂਪ ਵਿੱਚ (Court of Record)

ਹਾਈ ਕੋਰਟ ਪ੍ਰਮਾਣ ਅਦਾਲਤ ਵੀ ਹੈ ਤੇ ਇਸ ਕੋਲ ਪ੍ਰਮਾਣ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹਨ ਜਿਸ ਵਿੱਚ ਅਦਾਲਤ ਨੂੰ ਅਪਮਾਨ ਦੀ ਸਜ਼ਾ ਦੇਣ ਦਾ ਅਧਿਕਾਰ ਵੀ ਸ਼ਾਮਿਲ ਹਨ । ਪ੍ਰਮਾਣ ਅਦਾਲਤਾਂ ਦੀਆਂ ਦੋ ਵਿਸ਼ੇਸ਼ਤਾਈਆਂ ਹੁੰਦੀਆਂ ਹਨ (1) ਅਦਾਲਤਾਂ ਦੀ ਕਾਰਵਾਈ ਰੀਕਾਰਡ ਕੀਤੀ ਜਾਂਦੀ ਹੈ, ਫੈਸਲੇ ਛਾਪੇ ਜਾਂਦੇ ਹਨ ਤੇ ਬਾਕੀ ਮੁਕੱਦਮਿਆਂ ਵਿਚ ਇਹਨਾਂ ਦਾ ਪ੍ਰਮਾਣ ਦਿੱਤਾ ਜਾ ਸਕਦਾ ਹੈ । (2) ਅਦਾਲਤ ਨੂੰ ਆਪਣੇ ਅਪਮਾਨ ਲਈ ਦੰਡ ਦੇਣ ਦਾ ਅਧਿਕਾਰ ਹੁੰਦਾ ਹੈ ।

## 1.4.11 ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ (Powers of Judicial Review)

ਸੁਪਰੀਮ ਕੋਰਟ ਵਾਂਗ ਰਾਜਾਂ ਦੀਆਂ ਹਾਈ ਕੋਰਟਾਂ ਨੂੰ ਕਾਨੂੰਨ ਸੰਬੰਧੀ ਨਿਆਂਇਕ ਪੁਨਰ-ਨਿਰੀਖਣ ਦਾ ਅਧਿਕਾਰ ਪ੍ਰਾਪਤ ਹੈ ਇਸ ਦਾ ਭਾਵ ਇਹ ਹੈ ਕਿ ਹਾਈ ਕੋਰਟ ਵਿਧਾਨ ਮੰਡਲ ਅਤੇ ਸੰਸਦ ਦੁਆਰਾ ਬਣਾਏ ਕਿਸੇ ਅਜਿਹੇ ਕਾਨੂੰਨ ਨੂੰ ਅਸੰਵਿਧਾਨਿਕ ਘੋਸ਼ਿਤ ਕਰ ਸਕਦੀ ਹੈ ਜੋ ਸੰਵਿਧਾਨ ਦੇ ਕਿਸੇ ਅਨੁਵਾਦ

ਜਾਂ ਧਾਰਾ ਦੇ ਵਿਰੁੱਧ ਹੋਵੇ । ਇਥੇ ਇਹ ਨੋਟ ਕਰਨ ਯੋਗ ਹੈ ਕਿ 42ਵੀਂ ਸੋਧ ਦੇ ਸਿਰਫ ਇਹ ਪਰਿਵਰਤਨ ਕਰ ਦਿੱਤਾ ਸੀ ਕਿ ਹਾਈ ਕੋਰਟ ਕੇਂਦਰੀ ਕਾਨੂੰਨ ਦਾ ਪੁਨਰ-ਨਿਰੀਖਣ ਕਰਨ ਦਾ ਅਧਿਕਾਰ ਨਹੀ਼ ਰਖਦੀਆਂ ਅਤੇ ਸਿਰਫ ਰਾਜ ਦੇ ਕਾਨੂੰਨਾਂ ਨੂੰ ਹੀ ਗੈਰ ਵਿਧਾਨਿਕ ਘੋਸ਼ਿਤ ਕਰ ਸਕਦੀਆਂ ਹਨ । ਪ੍ਰੰਤੂ 43ਵੀਂ ਸੋਧ ਦੁਆਰਾ ਪਹਿਲੇ ਵਾਲੀ ਸਥਿਤੀ ਸਥਾਪਿਤ ਹੋ ਗਈ ਹੈ ਅਤੇ ਹਾਈ ਕੋਰਟ ਸੰਸਦੀ ਕਾਨੂੰਨਾਂ ਦੀ ਜਾਂਚ ਵੀ ਕਰ ਸਕਦੀਆਂ ਹਨ । ਪਰ ਹਾਈ ਕੋਰਟ ਦੇ ਅਜਿਹੇ ਫੈਸਲੇ ਵਿਰੁੱਧ ਸੁਪਰੀਮ ਕੋਰਟ ਪਾਸ ਅਪੀਲ ਕੀਤੀ ਜਾ ਸਕਦੀ ਹੈ ।

ਹਾਈ ਕੋਰਟ ਨੂੰ ਅਧੀਨ ਅਦਾਲਤਾਂ ਵਿਚੋਂ ਕਿਸੇ ਵੀ ਮੁਕੱਦਮੇ ਨੂੰ ਆਪਣੇ ਕੋਲ ਮੰਗਵਾਉਣ ਦਾ ਅਧਿਕਾਰ ਹੈ ਜੋ ਇਹ ਸਮਝੇ ਕਿ ਮੁਕੱਦਮੇ ਦਾ ਫੈਸਲਾ ਕਰਨ ਲਈ ਸੰਵਿਧਾਨ ਦੀ ਵਿਆਖਿਆ ਕਰਨ ਦੀ ਲੋੜ ਹੈ । ਮੁਕੱਦਮੇ ਆਪਣੇ ਕੋਲ ਮੰਗਵਾਉਣ ਤੋਂ ਪਿਛੋਂ ਜਾਂ ਤਾਂ ਇਹ ਆਪ ਪੂਰੇ ਮੁਕੱਦਮੇ ਦਾ ਫੈਸਲਾ ਕਰ ਸਕਦੀ ਹੈ ਜਾਂ ਸਿਰਫ ਸੰਵਿਧਾਨ ਦੀ ਵਿਆਖਿਆ ਹੀ ਕਰਕੇ ਮੁਕੱਦਮੇ ਅਧੀਨ ਅਦਾਲਤ ਨੂੰ ਨਿਰਣੇ ਲਈ ਭੇਜ ਸਕਦੀ ਹੈ । ਇਹ ਅਧਿਕਾਰ ਹਾਈ ਕੋਰਟ ਨੂੰ ਦੇ ਕੇ ਛੋਟੀਆਂ ਅਦਾਲਤਾਂ ਵਿਚ ਸੰਵਿਧਾਨ ਦੀ ਵੱਖ-ਵੱਖ ਪ੍ਰਕਾਰ ਦੀਆਂ ਵਿਆਖਿਆ ਹੋਣ ਤੇ ਰੋਕ ਲਗਾਈ ਗਈ ਹੈ ।

ਹਾਈ ਕੋਰਟ ਦਾ ਖੇਤਰ ਰਾਜ ਤੇ ਸੰਘੀ ਨਿਯਮਾਂ ਤਕ ਫੈਲਿਆ ਹੋਇਆ ਹੈ । ਸੰਘੀ ਤੇ ਸਮਵਰਤੀ ਸੂਚੀ ਤੇ ਵਿਸ਼ਿਆਂ ਨਾਲ ਸੰਬੰਧਤ ਇਸ ਦੀਆਂ ਸ਼ਕਤੀਆਂ ਤੇ ਫੈਲਾਓ ਦਾ ਫੈਸਲਾ ਸੰਸਦ ਕਰਦੀ ਹੈ ਤੇ ਰਾਜ ਤੇ ਸਮਵਰਤੀ ਸੂਚੀ ਦੇ ਵਿਸ਼ਿਆਂ ਨਾਲ ਸੰਬੰਧਤ ਇਸ ਦੀਆਂ ਸ਼ਕਤੀਆਂ ਤੇ ਫੈਲਾਓ ਦਾ ਵਿਧਾਨ ਮੰਡਲ ਕਰਦਾ ਹੈ ਹਾਈ ਕੋਰਟ ਨੂੰ ਆਪਣੀ ਅਦਾਲਤ ਦੇ ਨਿਯਮ ਬਣਾਉਣ ਦਾ ਬੈਠਕਾਂ, ਬਾਰੇ ਵਕਾਲਤ ਬਾਰੇ ਤੇ ਹਰ ਸੰਬੰਧਿਤ ਵਿਸ਼ਿਆਂ ਲਈ ਕਾਨੂੰਨ ਬਣਾਉਣ ਦੇ ਪੂਰਣ ਅਧਿਕਾਰ ਹਨ ।

### 1.4.12 ਸਾਰੰਸ਼

ਇਸ ਪਾਠ ਵਿੱਚ ਅਸੀਂ ਰਾਜ ਦੀ ਹਾਈ ਕੋਰਟ ਬਾਰੇ ਪੜ੍ਹਿਆ ਹੈ । ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਸੁਪਰੀਮ ਕੋਰਟ ਦੇ ਮੁੱਖ ਜੱਜ, ਰਾਜ ਦੇ ਗਵਰਨਰ ਤੇ ਸੰਬੰਧਿਤ ਹਾਈ ਕੋਰਟ ਦੇ ਮੁੱਖ ਜੱਜ ਦੀ ਸਲਾਹ ਨਾਲ ਕਰਦਾ ਹੈ । ਇਨ੍ਹਾਂ ਨੂੰ ਹਟਾਉਣ ਦਾ ਢੰਗ ਬੜਾ ਕਠਿਨ ਹੈ ਅਤੇ ਇਨ੍ਹਾਂ ਦੀ ਤਨਖਾਹ ਆਦਿ ਨੂੰ ਇਨ੍ਹਾਂ ਦੀ ਸੇਵਾ ਦੌਰਾਨ ਘਟਾਇਆ ਨਹੀਂ ਜਾ ਸਕਦਾ । ਹਾਈ ਕੋਰਟ ਪਾਸ ਮੌਲਿਕ ਅਤੇ ਅਪੀਲੀ ਅਧਿਕਾਰ ਖੇਤਰ ਹੈ । ਇਹ ਸੰਵਿਧਾਨ ਵਿਚ ਦਿੱਤੇ ਗਏ ਮੌਲਿਕ ਅਧਿਕਾਰ ਦੀ ਰਖਿਆ ਕਰਦੀ ਹੈ ਅਤੇ ਰਿਟਾਂ ਜਾਰੀ ਕਰ ਸਕਦੀ ਹੈ । ਇਹ ਪ੍ਰਮਾਣਿਕ ਅਦਾਲਤ ਵੀ ਹੈ । ਪ੍ਰਬੰਧ ਦੇ ਪੱਖ ਤੋਂ ਇਹ ਅਧੀਨ ਅਦਾਲਤਾਂ ਨੂੰ ਕੰਟਰੋਲ ਕਰਦੀ ਹੈ ਰਾਜ ਦੀ ਹਾਈ ਕੋਰਟ ਤੋਂ ਛੁੱਟ ਰਾਜ ਦੇ ਹਰ ਜ਼ਿਲ੍ਹੇ ਵਿਚ ਫੌਜਦਾਰੀ ਅਤੇ ਦੀਵਾਨੀ ਅਦਾਲਤਾਂ ਹਨ ।

### 1.4.13 ਸਵੈ ਅਭਿਆਸ ਲਈ ਪ੍ਰਸ਼ਨ

(i) ਹਾਈ ਕੋਰਟ ਦੇ ਜੱਜਾਂ ਦੀ ਨਿਯੁੱਕਤੀ ਕੌਣ ਤੇ ਕਿਵੇਂ ਹੁੰਦੀ ਹੈ।

(ii) ਹਾਈ ਕੋਰਟ ਦੇ ਜੱਜਾਂ ਦੀਆਂ ਯੋਗਤਾਵਾਂ ਤੇ ਮਿਆਦ ਬਾਰੇ ਦੱਸੋ।

(iii) ਕੀ ਜੱਜ ਰਿਟਾਇਰ ਹੋਣ ਪਿਛੇ ਕੰਮ ਕਰ ਸਕਦੇ ਹਨ ਇਸ ਸਮੇਂ ਉਨ੍ਹਾਂਨੂੰ ਕੀ ਤਨਖਾਹ ਤੇ ਭੱਤੇ ਮਿਲਦੇ ਹਨ।

(iv) ਹਾਈ ਕੋਰਟ ਦੀਆਂ ਸ਼ਕਤੀਆਂ ਬਾਰੇ ਲਿਖੋ।

(v) ਹਾਈ ਕੋਰਟ ਦੀ ਨਿਰਪੱਖਤਾ ਬਾਰੇ ਲਿਖੋ।

(vi) ਰਿਟਾਂ Writs ਜਾਰੀ ਕਰਨ ਦੇ ਅਧਿਕਾਰ ਬਾਰੇ ਲਿਖੋ।

(vii) ਕੀ ਹਾਈ ਕੋਰਟਾਂ ਨੂੰ ਪੁਨਰ ਨਿਰੀਖਣ ਦਾ ਅਧਿਕਾਰ ਹੈ।

### 1.4.14 ਸੁਝਾਈਆਂ ਗਈਆਂ ਪੁਸਤਕਾਂ (Suggested Books)


1. G.N. Joshi : The Constitution of India, pp.151-86
2. M.P. Sharma : The Govt. of Indian Republic, Chapter 110
3. Report of Law: The Govt. of Indian PublicationCommission
4. S.S. Nanda : Constitution of India (Pbi. Ed.)
5. G.S.Deol : -do-